# ਝਿੜਕਨੀ ਡਾਂਟ

ਪਰਕਾਸ਼ ਪੋਥੀ 2:20 "ਪਰ ਤਾਂ ਵੀ ਤੇਰੇ ਉੱਤੇ ਮੈਨੂੰ ਇਹ ਗਿਲਾ ਹੈ ਭਈ ਤੂੰ ਉਸ ਤੀਵੀਂ ਈਜ਼ਬਲ ਨੂੰ ਜਿਹੜੀ ਆਪਣੇ ਆਪ ਨੂੰ ਨਬੀਆ (Prophetess) ਕਰਕੇ ਦੱਸਦੀ ਹੈ ਝੱਲੀ ਜਾਂਦਾ ਹੈਂ ਅਤੇ ਉਹ ਮੇਰੇ ਦਾਸਾਂ ਨੂੰ ਸਿਖਾਉਂਦੀ ਅਤੇ ਭਰਮਾਉਂਦੀ ਹੈ ਭਈ ਉਹ ਹਰਾਮਕਾਰੀ ਕਰਨ ਅਤੇ ਮੂਰਤੀਆਂ ਦੇ ਚੜ੍ਹਾਵੇ ਖਾਣ।"

ਹੁਣ ਇਸ ਆਇਤ ਦੇ ਨਾਲ ਹੀ ਮੈਂ ਤੁਹਾਨੂੰ 23 ਆਇਤ ਤੇ ਲੈ ਜਾਣਾ ਚਾਹੁੰਦਾ ਹਾਂ ਅਤੇ ਮਹਾਨ ਸੱਚਿਆਈ ਦਾ ਸਬੂਤ ਵੇਖੋ ਜੋ ਮੈਂ ਤੁਹਾਡੇ ਧਿਆਨ ਅੰਦਰ ਲਿਆ ਰਿਹਾ ਹਾਂ। "ਅਤੇ ਮੈਂ ਉਹਦੇ ਬਾਲਕਾਂ ਨੂੰ ਮਾਰ ਸੁਟਾਂਗਾ ਸਾਰੀਆਂ ਕਲੀਸੀਯਾਂ ਜਾਣ ਲੈਣਗੀਆਂ ਜੋ ਗੁਰਦਿਆਂ ਤੇ ਹਿਰਦਿਆਂ ਦਾ ਜਾਚਣ ਵਾਲਾ ਮੈਂ ਹੀ ਹਾਂ, ਅਤੇ ਮੈਂ ਤੁਹਾਡੇ ਵਿਚੋਂ ਹਰੇਕ ਨੂੰ ਤੁਹਾਡੀਆਂ ਕਰਨੀਆਂ ਦੇ ਅਨੁਸਾਰ ਫਲ ਦਿਆਂਗਾ।"

ਮੈਂ ਦਸਦਾ ਚਲਿਆ ਆ ਰਿਹਾ ਹਾਂ ਕਿ ਅਸਲ ਵਿਚ ਦੋ ਕਲੀਸੀਯਾਂ ਹਨ, ਬੇਸ਼ੱਕ ਹਰ ਯੁਗ ਵਿਚ ਆਤਮਾ ਉਨ੍ਹਾਂ ਦੋਹਾਂ ਨਾਲ ਬੋਲਦਾ ਹੈ, ਪਰ ਲਗਦਾ ਇੰਞ ਹੈ ਜਿਵੇਂ ਉਹ ਇਕੋ ਕਲੀਸੀਯਾ ਹੋਵੇ। ਇਥੇ ਸਾਫ-ਸਾਫ ਬਿਆਨ ਮਿਲਦਾ ਹੈ ਭਈ ਕਲੀਸੀਯਾਂ ਹਨ (Churches), ਅਤੇ ਇਹ ਵੀ ਸਫਾਈ ਨਾਲ ਦਸਿਆ ਗਿਆ ਹੈ ਕਿ ਉਨ੍ਹਾਂ ਵਿਚੋਂ ਕੁਝ ਕਲੀਸੀਯਾਂ ਬਿਲਕੁੱਲ ਨਹੀਂ ਜਾਣਦੀਆਂ ਭਈ ਉਹੀ ਇਕੱਲਾ ਹੈ ਜਿਹੜਾ ਹਿਰਦਿਆਂ ਤੇ ਗੁਰਦਿਆਂ ਨੂੰ ਜਾਚਦਾ ਹੈ ਉਹ ਉਨ੍ਹਾਂ ਨੂੰ ਸਾਬਤ ਕਰਨ ਜਾ ਰਿਹਾ ਹੈ ਭਈ ਉਹ ਇਹ ਜਾਣਦਾ ਹੈ। ਹੁਣ, ਫਿਰ ਉਹ ਕਿਹੜੀਆਂ ਕਲੀਸੀਯਾਂ ਹਨ ਜੋ ਇਸ ਸੱਚਿਆਈ ਨੂੰ ਨਹੀਂ ਜਾਣਦੀਆਂ ਹਨ? ਕੋਈ ਸ਼ੱਕ ਨਹੀਂ ਭਈ ਇਹ ਝੂਠੀ ਬੇਲ (False Vine) ਵਾਲਾ ਗਰੁੱਪ ਹੈ ਕਿਉਂਕਿ ਸੱਚੇ ਨਿਹਚਾਵਾਨ ਤਾਂ ਸੱਚਮੁਚ ਇਹ ਜਾਣਦੇ ਨੇ ਭਈ ਪਰਮੇਸ਼ੁਰ ਦੇ ਘਰੋਂ ਨਿਆਂਉ ਸ਼ੁਰੂ ਹੋਣਾ ਹੈ (1 ਪਤਰਸ 4:17) ਅਤੇ ਉਹ ਖੁਦਾ-ਖੌਫ ਰੱਖਦੇ ਹੋਏ ਆਪਣੇ ਆਪ ਨੂੰ ਪਰਖਦੇ ਹਨ ਭਈ ਉਹ ਦੋਸ਼ੀ ਨਾ ਠਹਿਰਨ।

ਫਿਰ ਪਰਮੇਸ਼ੁਰ ਕਿਉਂ ਇਹਨਾਂ ਕਲੀਸੀਯਾਂ ਨੂੰ ਆਪਣੀਆਂ ਕਲੀਸੀਯਾਂ ਆਖਦਾ ਹੈ ਜਦ ਕਿ ਉਹ ਝੂਠੀ ਬੇਲ ਹਨ? ਸੱਚਿਆਈ ਦੀ ਗੱਲ ਇਹ ਹੈ ਕਿ ਉਹ ਮਸੀਹ ਹਨ। ਪਰ ਉਹ ਆਤਮਾ ਦੇ ਮਸੀਹੀ ਨਹੀਂ ਹਨ। ਉਹ ਸਰੀਰਕ ਮਸੀਹੀ ਹਨ। ਉਹ ਵਿਅਰਥ ਹੀ ਉਹਦਾ ਨਾਮ ਧਰਾਈ ਬੈਠੇ ਹਨ। ਮਰਕੁੱਸ 7 : 7, "ਉਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਉਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ।" ਉਹ ਮਸੀਹ ਹਨ ਬਈ ਹੋਰ ਉਹ ਹੋ ਵੀ ਕੀ ਸਕਦੇ ਹਨ। ਇਕ ਮੁਸਲ ਮਾਨ ਮੁਸਲਮਾਨ ਹੈ। ਇਹ ਉਹਦਾ ਮਜ਼ਹਬ ਹੈ ਭਾਵੇਂ ਉਹਦਾ ਜੀਵਨ ਕੈਸਾ ਵੀ ਕਿਉਂ ਨਾ ਹੋਵੇ। ਕਿਉਂਕਿ ਜੋ ਕੁਰਾਨ ਸਿਖਾਉਂਦਾ ਹੈ ਉਹ ਉਸ ਸਿਧਾਂਤ ਇਮਾਨ ਰੱਖਦਾ ਹੈ। ਇਸੇ ਤਰ੍ਹਾਂ ਇਕ ਮਸੀਹ ਵੀ ਮਸੀਹ ਹੈ ਜਦ ਤਾਈਂ ਉਹ ਵਿਸ਼ਵਾਸ ਰੱਖਦਾ ਹੈ ਜੋ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ, ਇਕ ਕੁਆਰੀ ਤੋਂ ਜਨਮ ਲਿਆ ਹੈ, ਸਲੀਬ ਦਿੱਤਾ ਗਿਆ ਤੇ ਮੋਇਆ ਤੇ ਜੀਅ ਉੱਠਿਆ, ਤੇ ਭਈ ਉਹ ਮਨੁੱਖਤਾ ਦਾ ਤਾਰਨਹਾਰਾ ਹੈ ਆਦਿ। (ਇਹ ਸੱਚ ਹੈ ਕਿ ਲਾਉਦਿੱਕੀਆ ਯੁੱਗ ਅੰਦਰ ਕੁਝ ਲੋਕ ਐਸੇ ਪਾਏ ਜਾਣਗੇ ਜਿਹੜੇ ਆਪਣੇ ਆਪ ਨੂੰ ਮਸੀਹ ਤਾਂ ਕਹਿਲਾਉਣਗੇ ਇਸ ਲਈ ਜੋ ਉਹ ਆਪਣੇ

ਅੰਦਰ ਮਸੀਹ ਦੇ ਕੁਝ ਅੱਛੇ ਗੁਣ ਰੱਖਦੇ ਹੋਣਗੇ ਜਦ ਕਿ ਉਹ ਉਹਦੀ ਧਰਮੇਸ਼ੁਰਤਾਈ ਦੇ ਇਨ-ਕਾਰੀ ਹੋਣਗੇ। ਮਸੀਹ ਸਾਇੰਸਦਾਨ ਤਾਂ ਪਹਿਲਾਂ ਹੀ ਇਹ ਦੋ ਇਨਕਾਰੀ ਹੋ ਚੁਕੇ ਹਨ ਅਤੇ ਉਨ੍ਹਾਂ ਝੁੰਡਾਂ ਵੀ ਇਨਕਾਰ ਕਰ ਦਿੱਤਾ ਹੈ। ਜਿਹੜੇ ਕੇਵਲ ਇਕ ਸਮਾਜੀ ਖੁਸ਼ਖਬਰੀ (A Social Gospel) ਸੁਣਾਉਂਦੇ ਫਿਰਦੇ ਹਨ) ਉਹ ਕੇਵਲ ਨਾਂਅ ਦਾ ਮਸੀਹ ਹੈ ਅਤੇ ਕਲੀਸੀਯਾਂ ਨਾਲ ਸਬੰਧਤ ਹੈ। ਪਰ ਉਹ ਕੋਈ ਸੱਚਾ ਜਾਂ ਰੂਹਾਨੀ ਵਿਸ਼ਵਾਸੀ ਨਹੀਂ ਹੈ। ਉਹ ਉਸ ਕਿਸਮ ਦਾ ਵਿਸ਼-ਵਾਸੀ ਹੈ ਜੋ ਬਪਤਿਸਮਾ ਦੁਆਰਾ ਮਸੀਹ ਦੀ ਕਲੀਸੀਯਾ ਅੰਦਰ ਆ ਘੁਸਿਆ ਹੈ ਅਤੇ ਉਹਦਾ ਮੈਂਬਰ ਹੈ। ਪਰ ਫਿਰ ਵੀ ਪਰਮੇਸ਼ੁਰ ਦਾ ਇਹ ਕਾਨੂੰਨ ਹੈ ਕਿ ਜੜੀ ਬੂਟੀਆਂ ਨੂੰ ਕਣਕ ਦੇ ਨਾਲ ਵਧਣ ਦਿਤਾ ਜਾਵੇ ਅਤੇ ਉਖਾੜਿਆ ਨਾ ਜਾਵੇ। ਇਹ ਰੱਬ ਦਾ ਹੁਕਮ ਹੈ। ਉਨ੍ਹਾਂ ਦਾ ਇਕੱਠੇ ਕਰਨ ਤੇ ਫੂਕੇ ਜਾਣ ਦਾ ਦਿਹਾੜਾ ਆਉਂਦਾ ਹੈ, ਪਰ ਅਜੇ ਨਹੀਂ।

ਸੋ ਪਰਮੇਸ਼ੁਰ ਦਾ ਆਤਮਾ ਇਸ ਰਲੇ ਮਿਲੇ ਗਰੁੱਪ ਨਾਲ ਬੋਲ ਰਿਹਾ ਹੈ। ਇੱਕ ਤਰਫ ਉਹ ਤਾਰੀਫ ਕਰ ਰਿਹਾ ਹੈ ਅਤੇ ਦੂਈ ਤਰਫ ਉਹ ਡਾਂਟ ਮਾਰ ਰਿਹਾ ਹੈ। ਅਤੇ ਉਹ ਦਸ ਰਿਹਾ ਹੈ ਕਿ ਸੱਚੇ ਵਿਸ਼ਵਾਸੀ ਪਾਸ ਕਿ ਸੱਚ ਹੈ ਅਤੇ ਨਕਲੀ ਬੋਲ ਨੂੰ ਉਹ ਚਿਤਾਵਨੀ ਦਿੰਦਾ ਹੈ ਕਿ ਉਹ ਕੀ ਕਰੇ ਜੋ ਉਸ ਪ੍ਰਭੂ ਦੇ ਸਾਹਮਣੇ ਧਰਮੀ ਖੜੇ ਹੋਣਾ ਹੈ।

# ਓਹ ਔਰਤ ਈਜ਼ਬਲ

ਯਕੂਬ ਰਸੂਲ ਨੇ ਸਾਨੂੰ ਉਹ ਰਸਤਾ ਵਿਖਾਇਆ ਹੈ ਜਿਹੜਾ ਰਾਹੀ ਪਾਪ ਦਾਖਲ ਹੁੰਦਾ ਹੈ ਯਕੂਬ 1 :14-15, "ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ ਆਪਣੀ ਹੀ ਕਾਮਨਾ ਨਾਲ ਭਟਕਾਇਆ ਅਤੇ ਭੁਚਲਾਇਆ ਜਾਂਦਾ ਹੈ। ਤਦ ਕਾਮਨਾ ਜਾਂ ਗਰਭਣੀ ਹੋਈ ਤਾਂ ਪਾਪ ਨੂੰ ਜਾਣਦੀ ਹੈ, ਅਤੇ ਪਾਪ ਜਾਂ ਪੂਰੇ ਵਿੱਤ ਨੂੰ ਪੁਜਦਾ ਹੈ ਤਾਂ ਮੌਤ ਨੂੰ ਜਨਮ ਦਿੰਦਾ ਹੈ।" ਇਹ ਠੀਕ ਉਹੀ ਤਸਵੀਰ ਹੈ ਜੋ ਕਲੀਸੀਆਈ ਯੁੱਗਾਂ ਅੰਦਰ ਬੀਤਦਾ ਚਲਾ ਆਇਆ ਹੈ। ਜਿਵੇਂ ਪਾਪ ਇੱਕ ਮਾਮੂਲੀ ਜਿਹੇ ਢੰਗ ਨਾਲ ਸ਼ੁਰਿਆ ਤਿਵੇਂ ਕਲੀਸੀਯਾ ਦੀ ਮੌਤ ਵੀ ਇੱਕ ਸਾਦੇ ਜਿਹੇ ਨਿਕੁਲਾਈਆਂ ਦੇ ਇੱਕ ਛੋਟੇ ਜਾਣੇ ਪਛਾਣੇ ਕੰਮਾਂ (Deeds) ਦੁਆਰਾ ਤੁਰੀ। ਫਿਰ ਇਹ ਕੰਮ ਅਕੀਦੇ ਬਣ ਗਏ। ਅਤੇ ਅਕੀਦੇ ਤੋਂ ਇਸ ਨੇ ਰਾਜਸੀ ਸ਼ਕਤੀ (Power of the state) ਨੂੰ ਜਾ ਜਫੀ ਪਾਈ ਅਤੇ ਬੁੱਤ ਪ੍ਰਸਤੀ ਨਾਲ ਪਛਾਣ ਕਰਵਾਈ ਹੁਣ ਇਸ ਯੁੱਗ ਅੰਦਰ ਇਹ (ਝੂਠੀ ਕਲੀਸੀਯਾ) ਆਪਣੀ ਨਬੀਆ (ਅਧਿਆਪਕਾਂ ਦੀ ਤਰਫ ਸਫਰ ਕਰਦੀ ਚਲੀ ਜਾਵੇਗੀ ਜਦ ਤੋੜੀਂ ਇਹ ਆਪਣੇ ਆਪ ਨੂੰ ਓਸ ਅੱਗ ਦੀ ਝੀਲ ਵਿਚ ਨਾ ਪਾ ਦੇਵੇਗੀ। ਕਿਉਂਕਿ ਇਹਦਾ ਖਾਤਮਾ ਠੀਕ ਇਥੇ ਹੀ ਹੋਵੇਗਾ ਅਰਥਾਤ ਦੂਈ ਮੌਤ ਵਿਚ।

ਹੁਣ ਪਰਮੇਸ਼ੁਰ ਦੀ ਸਾਰੀ ਬੁਲੰਦ ਅਵਾਜ਼ ਇਸ ਚੌਥੇ ਯੁੱਗ ਦੇ ਵਿਰੁੱਧ ਇਸ ਨਬੀਆ ਈਜ਼ਬਲ ਨੂੰ ਛੱਡ ਦੇਣ ਦੀ ਸੀ। ਅਤੇ ਇਸ ਗੱਲ ਨੂੰ ਭਲੀ ਭਾਂਤ ਸਮਝ ਲੈਣ ਦੇ ਲਈ ਭਈ ਕਿਉਂ ਖੁਦਾ ਇਸ ਨੂੰ ਛੱਡਦਾ ਹੈ, ਸਾਨੂੰ ਬਾਈਬਲ ਅੰਦਰ ਉਹਦੇ ਇਤਿਹਾਸ ਵੱਲ ਤੱਕਣਾ ਹੋਵੇਗਾ, ਅਤੇ ਜਦ ਅਸੀਂ ਲੱਭ ਲਵਾਂਗੇ ਕਿ ਉਸ ਤੀਵੀਂ ਦੀ ਪਿੱਛੇ ਕੀ ਕਰਤੂਤ ਸੀ ਤਾਂ ਅਸੀਂ ਜਾਣ ਲਵਾਂਗੇ ਕਿ ਸਾਡੇ ਸਮੇਂ ਵਿਚ ਕੀ ਹੋ ਰਿਹਾ ਹੈ।

ਪਹਿਲੀ ਤੇ ਮਹੱਤਵ ਪੂਰਣ ਗੱਲ ਜਿਹੜੀ ਅਸੀਂ ਇਸ ਈਜ਼ਬਲ ਕੇ ਬਾਰੇ ਸਿਖਦੇ ਹਾਂ ਉਹ ਅਬਰਾਹਮ ਦੀ ਧੀ ਨਹੀਂ ਹੈ, ਅਤੇ ਨਾ ਹੀ ਉਹ ਇਸਰਾਈਲੀ ਗੋਤਾਂ ਵਿਚ ਆਉਣਾ ਇਕ ਰੂਹਾਨੀ ਪੱਖ ਤੋਂ ਸੀ ਜਿਵੇਂ ਕਿ ਰੂਥ ਮੋਆਬਣ ਦਾ ਸੀ। ਨਹੀਂ ਸ੍ਰੀਮਾਨ ਜੀ। ਇਹ ਔਰਤ ਸੀਦੋਨ ਦੇ ਰਾਜਾ ਈਥਬਾਲ ਦੀ ਧੀ ਸੀ 1 ਰਾਜਾ 16 : 31) ਜਿਹੜਾ ਅਸ਼ਤਾਰੇਥ ਦੇਵੀ ਦਾ ਭਗਤ ਸੀ। ਉਹ ਆਪਣੇ ਜਾਨਸ਼ੀਨ ਫੀਲੁਸ ਨੂੰ ਕਤਲ ਕਰਕੇ ਰਾਜ ਗੱਦੀ ਤੇ ਬੈਠਾ ਸੀ। ਸੋ ਅਸੀਂ ਵੇਖਦੇ ਹਾਂ ਕਿ ਸ਼ੁਰੂ ਤੋਂ ਹੀ ਇਹ ਖੂਨੀ ਦੀ ਧੀ ਸੀ (ਸੱਚ ਇਹ ਸਾਨੂੰ ਕਾਇਨ ਦੀ ਯਾਦ ਦਿਲਾਉਂਦੀ ਹੈ) ਅਤੇ ਜਿਸ ਢੰਗ ਨਾਲ ਉਹ ਇਸਰਾਈਲ ਦਾ ਅੰਗ ਬਣੀ, ਰੂਹਾਨੀ ਰਸਤਾ ਨਹੀਂ ਸੀ ਜਿਹੜਾ ਖੁਦਾ ਨੇ ਪਰਾਈਆਂ ਕੌਮਾਂ ਦੇ ਦਾਖਲੇ ਲਈ ਮੁਕੱਰਰ ਕੀਤਾ ਸੀ, ਪਰ ਉਹ ਅਹਾਬ ਨਾਲ ਸ਼ਾਦੀ ਦੇ ਰਸਤੇ ਆ ਘੁਸੀ ਜਿਹੜਾ ਇਸਰਾਈਲ ਦੇ ਦਸਾਂ ਗੋਤਾਂ ਦਾ ਹਾਕਮ ਸੀ। ਫਿਰ ਇਹ ਏਕਤਾ (Union) ਹੁੰਦੀ ਜਿਹੜੀ ਅਸੀਂ ਵੇਖਦੇ ਹਾਂ ਕੋਈ ਰੂਹਾਨੀ ਨਹੀਂ ਸੀ, ਸਗੋਂ ਰਾਜਨੀਤਕ ਸੀ (Political) ਅਤੇ ਇਹ ਔਰਤ ਜਿਹੜੀ ਬੁੱਤ ਪ੍ਰਸਤੀ ਦੀ ਤੀਜੀ ਤੇ ਚੜ੍ਹੀ ਬੈਠੀ ਸੀ ਰਤਾ ਵੀ ਖਾਹਿਸ਼ ਨਹੀਂ ਸੀ ਰੱਖਦੀ ਕਿ ਉਹ ਇਕ ਸੱਚੇ ਖੁਦਾ One True God ਦੀ ਭਗਤਣੀ ਬਣੇ, ਸਗੋਂ ਇਹਦੀ ਬਜਾਏ ਉਹ ਕਸਮ ਖਾ ਕੇ ਇਹ ਖਿਆਲ ਲੈਕੇ ਆਈ ਜੋ ਇਸਰਾਈਲ ਨੂੰ ਯਹੋਵਾਹ ਪਰਮੇਸ਼ੁਰ ਤੋਂ ਫੇਰ ਦੇਵੇ। ਭਾਵੇਂ ਇਸਰਾਈਲ ਪਹਿਲਾਂ ਹੀ ਜਾਣ ਚੁੱਕਾ ਸੀ ਕਿ ਸੋਨੇ ਦੇ ਵੱਛਿਆਂ ਦੀ ਪੂਜਾ ਕਰਨਾ ਕੀ ਸੀ, ਪਰ ਅਜੇ ਤੋੜੀਂ ਉਹ ਬੁੱਤ ਪ੍ਰਸਤੀ ਲਈ ਵਿਕੇ ਨਹੀਂ ਸਨ, ਕਿਉਂਕਿ ਪਰਮੇਸ਼ੁਰ ਦੀ ਉਪਾਸਨਾ ਹੁੰਦੀ ਸੀ ਅਤੇ ਮੂਸਾ ਦੀ ਸ਼ਰ੍ਹਾ ਮੰਨੀ ਜਾਂਦੀ ਸੀ। ਪਰ ਅਹਾਬ ਦੀ ਈਜ਼ਬਲ ਨਾਲ ਸ਼ਾਦੀ ਦੇ ਸਮੇਂ ਤੋਂ ਬੁੱਤ ਪ੍ਰਸਤੀ ਇੱਕ ਭਿਆਨਕ ਫੈਸ਼ਨ ਵਿਚ ਵਧਣ ਲੱਗੀ। ਇਹ ਉਦੋਂ ਹੋਇਆ ਜਦੋਂ ਇਕ ਬੀਵੀਂ ਈਜ਼ਬਲ ਉਹਨਾਂ ਮੰਦਰਾਂ ਵਿਚ ਇਕ ਪੁਜਾਰਨ (Priestess) ਬਣ ਬੈਠੀ ਜਿਹੜੇ ਉਸ ਨੇ ਆਪਣੀ ਦੇਵੀ ਅਸ਼ਤਾਰੋਥ ਭਾਵ ਵੀਨਸ ਅਤੇ ਦਿਓਤੇ ਬਾਅਲ ਭਾਵ ਸੂਰਜ ਦੇਵਤਾ ਲਈ ਉਸਾਰੇ ਸਨ ਤਾਂ ਇਸਰਾਈਲ ਆਪਣੇ ਜੀਵਨ ਦੇ ਖਤਰਨਾਕ ਬਿੰਦੂ ਤੇ ਆਣ ਪਹੁੰਚਾ।

ਇਸ ਨੂੰ ਆਪਣੇ ਮਨ ਵਿਚ ਰੱਖ ਕੇ ਸਾਨੂੰ ਹੁਣ ਦਿੱਸਣ ਲੱਗ ਜਾਵੇਗਾ ਕਿ ਪਰਮੇਸ਼ੁਰ ਦਾ ਆਤਮਾ ਇਸ ਥੂਆਤੀਰਾ ਯੁੱਗ ਵਿਚ ਕੀ ਕਰਨ ਜਾ ਰਿਹਾ ਹੈ। ਲਓ ਹੁਣ ਇਹ ਇਥੇ ਹੈ।

ਅਹਾਬ ਨੇ ਈਜ਼ਬਲ ਨਾਲ ਸ਼ਾਦੀ ਕੀਤੀ ਅਤੇ ਇਸ ਲਈ ਕਿ ਉਹ ਰਾਜਨੀਤਕ ਪੱਖ ਤੋਂ ਆਪਣੇ ਰਾਜ ਨੂੰ ਪੱਕਿਆਂ ਕਰੇ ਅਤੇ ਇਹ ਨੂੰ ਸੰਭਾਲੇ। ਠੀਕ ਇਹੀ ਕਲੀਸੀਯਾ ਨੇ ਵੀ ਕੀਤਾ ਜਦੋਂ ਕਾਨਸਟਨਾਈਨ ਦੇ ਅਧੀਨ ਉਸ ਨਾਲ ਸ਼ਾਦੀ ਕਰ ਲਈ। ਦੋਨਾਂ ਦਾ ਇਕ ਹੋਣਾ ਰਾਜਸੀ ਕਾਰਣਾਂ ਤੋਂ ਸੀ ਭਾਵੇਂ ਉਨ੍ਹਾਂ ਇਸ ਨੂੰ ਰੂਹਾਨੀ ਫੂਕ ਚਾੜੀ ਮੈਨੂੰ ਕੋਈ ਕਾਇਲ ਨਹੀਂ ਕਰ ਸਕਦਾ ਕਿ ਕਾਨਸਟਨਟਾਈਨ ਮਸੀਹੀ ਸੀ। ਉਹ ਇੱਕ ਬੁੱਤ ਪੂਜਕ ਸੀ ਪਰ ਜਾਪਦਾ ਸੀ ਉਹ ਮਸੀਹੀ ਹੋਵੇ। ਉਹਨੇ ਸਿਪਾਹੀਆਂ ਦੀਆਂ ਢਾਲਾਂ ਤੇ ਰੰਗ ਨਾਲ ਚਿੱਟੀਆਂ ਸਲੀਬਾਂ ਬਣਵਾਈਆਂ! ਉਹ ਕੁਲਬੰਸ ਦੀਆਂ ਬਹਾਦਰੀਆਂ ਦਾ ਮੋਢੀ ਬਣਿਆ। ਉਹ ਸੰਤ ਸੋਫੀਆ ਦੇ ਮੀਨਾਰ ਉੱਤੇ ਵੀ ਸਲੀਬ ਖੜੀ ਕਰਵਾਈ ਤੇ ਇੰਝ ਇਕ ਰੀਤ ਨੂੰ ਚਲਾਇਆ।

ਇਹ ਕਾਨਸਟਨਟਾਈਨ ਦੀ ਹੀ ਕਾਢ ਸੀ ਕਿ ਉਹ ਸਭਨਾਂ ਨੂੰ ਇਕੱਠਿਆਂ ਕਰੇ, ਮੂਰਤੀ ਪੂਜਕਾਂ ਨੂੰ ਨਾਮ ਦੇ ਮਸੀਹੀਆਂ ਨੂੰ ਅਤੇ ਸੱਚੇ ਮਸੀਹੀਆਂ ਨੂੰ। ਕੁਝ ਸਮੇਂ ਲਈ ਤਾਂ ਇਉਂ ਜਾਪਿਆ

ਕਿ ਉਹ ਸਫਲ ਹੋਵੇਗਾ ਇਸ ਲਈ ਜੋ ਸੱਚੇ ਵਿਸ਼ਵਾਸੀ ਵੀ ਆ ਗਏ ਇਹ ਵੇਖਣ ਦੇ ਲਈ ਭਈ ਹੋ ਸਕੇ ਤਾਂ ਉਹ ਉਨ੍ਹਾਂ ਨੂੰ ਜਿਹੜੇ ਬਚਨ ਤੋਂ ਦੂਰ ਹੋ ਗਏ ਸਨ ਵਾਪਸ ਲੇ ਆਉਣ। ਜਦ ਉਨ੍ਹਾਂ ਨੇ ਡਿੱਠਾ ਭਈ ਉਹ ਉਨ੍ਹਾਂ ਨੂੰ ਵਾਪਸ ਸਚਿਆਈ ਵਿਚ ਨਹੀਂ ਲਿਆ ਸਕਦੇ ਤਾਂ ਮਜਬੂਰ ਹੋ ਕੇ ਉਨ੍ਹਾਂ ਨੂੰ ਉਸ ਰਾਜਸੀ ਬਾਡੀ (Political Body) ਨੂੰ ਤੋੜ ਕੇ ਬਾਹਰ ਆਉਣਾ ਪਿਆ। ਜਦ ਉਨ੍ਹਾਂ ਐਸਾ ਕੀਤਾ ਉਹ ਕਾਫ਼ਰ ਸਦਵਾਏ ਅਤੇ ਸਤਾਏ ਗਏ।

ਹੁਣ ਮੈਨੂੰ ਇਥੇ ਕਹਿਣ ਦਿਓ ਕਿ ਵੈਸਾ ਅੱਜ ਵੀ ਹੋ ਰਿਹਾ ਹੈ। ਸਭ ਲੋਕ ਇਕੱਠੇ ਹੋਣ ਲਈ ਆ ਰਹੇ ਹਨ। ਉਹ ਇੱਕ ਐਸੀ ਬਾਈਬਲ ਲਿਖ ਰਹੇ ਹਨ ਜਿਹੜੀ ਯਹੂਦੀ, ਕੈਥੋਲਿਕ ਜਾਂ ਪ੍ਰੋਟੈਸਟੇਂਟ ਸਭਨਾਂ ਨੂੰ ਪਸੰਦ ਆਵੇਗੀ। ਇਹਨਾਂ ਦੀ ਵੀ ਆਪਣੀ ਇਕ ਨੀਸਨੀ ਕੌਂਸਿਲ (Nicene Council) ਹੈ ਪਰ ਉਹ ਇਸ ਨੂੰ ਇਕਯੂਮਨੀਕਲ ਕੌਂਸਿਲ (Ecunmenical Council) ਆਖਦੇ ਹਨ। ਅਤੇ ਕੀ ਤੁਸੀਂ ਜਾਣਦੇ ਹੋ ਇਹ ਸਰੀਆਂ ਮਿਸ਼ਨਾਂ (Organizations) ਕਿਹਦੇ ਨਾਲ ਲੜ ਰਹੀਆਂ ਹਨ? ਸੱਚੇ ਪੈਂਟੀਕਾਸਟਲਾਂ ਨਾਲ। ਮੇਰੇ ਕਹਿਣ ਦਾ ਭਾਵ ਮਿਸ਼ਨਾਂ ਦੇ ਪੈਂਟੀਕਾਸਟਲਾਂ ਤੋਂ ਨਹੀਂ ਹੈ। ਮੇਰੇ ਕਹਿਣ ਦਾ ਭਾਵ ਉਹ ਪੈਂਟੀਕਾਸਟਲ ਜਿਹੜੇ ਪਵਿੱਤਰ ਆਤਮਾ ਨਾਲ ਭਰਭੂਰ ਹਨ ਅਤੇ ਨਿਸ਼ਾਨ ਤੇ ਵਰਦਾਨ ਉਨ੍ਹਾਂ ਦੇ ਦਰਮਿਆਨ ਹਨ ਕਿਉਂ ਜੋ ਉਹ ਸਚਿਆਈ ਵਿਚ ਚਲਦੇ ਹਨ।

ਜਿਵੇਂ ਅਹਾਬ ਰਾਜਾ ਨੇ ਰਾਜਨੀਤਕ ਕਾਰਣਾਂ ਕਰਕੇ (Political Reasons) ਆਪਣੇ ਪਲੌਠੇ ਹੋਣ ਦਾ ਹੱਕ ਵੇਚ ਦਿੱਤਾ। ਤਿਵੇਂ ਤੁਸੀਂ ਵੀ ਜਦੋਂ ਕਿਸੇ ਮਿਸ਼ਨ ਵਿਚ ਚਲੇ ਜਾਂਦੇ ਹੋ ਆਪਣਾ ਹੱਕ ਵੇਚ ਦਿੱਤਾ, ਭਾਈ ਸਾਹਿਬ, ਬੇਸ਼ੱਕ ਤੁਸੀਂ ਇਹ ਮੰਨੋ ਜਾਂ ਨਾ ਮੰਨੋ। ਹਰੇਕ ਪ੍ਰੋਟੈਸਟੇਂਟ ਗਰੁੱਪ ਜਿਹੜਾ ਬਾਹਰ ਆਇਆ ਅਤੇ ਫੇਰ ਜਥੇਬੰਦੀ ਅੰਦਰ ਚਲਾ ਗਿਆ। ਉਨ੍ਹਾਂ ਆਪਣਾ ਹੱਕ ਵੇਚ ਦਿੱਤਾ। ਤੇ ਜਦੋਂ ਤੁਸੀਂ ਪਲੌਠੇ ਹੋਣ ਦਾ ਹੱਕ ਵੇਚ ਦਿੰਦੇ ਹੋ ਤੁਸੀਂ ਠੀਕ ਏਸਾਓ ਵਰਗੇ ਹੋ—ਫਿਰ ਤੁਸੀਂ ਜਿੰਨਾਂ ਵੀ ਚੀਖੋ ਤੇ ਪਛਤਾਓ ਇਹ ਦਾ ਤੁਹਾਨੂੰ ਕੋਈ ਫਾਇਦਾ ਨਾ ਹੋਵੇਗਾ। ਕੇਵਲ ਇੱਕੋਈ ਕਮ ਹੈ ਜੋ ਹੁਣੇ ਕਰ ਸਕਦੇ ਹੋ ਤੇ ਉਹ ਇਹ ਹੈ,

"ਹੇ ਮੇਰੀ ਪਰਜਾ, ਉਹਦੇ ਵਿਚੋਂ ਨਿਕਲ ਆਓ! ਮਤੇ ਤੁਸੀਂ ਓਹਦਿਆਂ ਪਾਪਾਂ ਦੇ ਭਾਗੀ ਬਣੋ। ਮਤੇ ਉਹਦੀਆਂ ਬਵਾਂ ਵਿਚ ਸਾਂਝੀ ਹੋਵੇ!"

ਜੇ ਤੁਸੀਂ ਸੋਚਦੇ ਹੋ ਮੈਂ ਠੀਕ ਨਹੀਂ ਤਾਂ ਫਿਰ ਮੇਰੇ ਇਸ ਸੁਆਲ ਦਾ ਜੁਆਬ ਦਿਓ। ਕੋਈ ਜੀਉਂਦਾ ਆਦਮੀ ਮੈਨੂੰ ਦੱਸੇ ਕਿ ਉਹ ਕਿਹੜੀ ਕਲੀਸੀਯਾ ਹੈ ਜਾਂ ਉਹ ਕਿਹੜੀ ਪਰਮੇਸ਼ੁਰ ਦੀ ਲਹਿਰ ਹੈ ਜਿਸ ਦੇ ਅੰਦਰ ਖੇਦਾਰੀ ਆਈ ਅਤੇ ਜਦ ਉਹ ਜਥੇਬੰਦੀ (ਮਿਸ਼ਨ) ਵਿਚ ਚਲ ਗਏ ਤੇ ਇਕ ਮਿਸ਼ਨ ਦਾ ਰੂਪ ਧਾਰਨ ਕਰ ਗਏ ਫਿਰ ਉਹਦੇ ਬਾਦ ਉਹ ਬੇਦਾਰੀ ਉਨ੍ਹਾਂ ਵਿਚ ਆਈ ਹੋਵੇ? ਵੇਖੋ ਆਪਣੇ ਇਤਿਹਾਸਾਂ ਨੂੰ। ਤੁਹਾਨੂੰ ਕੋਈ ਨਹੀਂ ਮਿਲੇਗੀ—ਇਕ ਵੀ ਨਹੀਂ।

ਹੁਣ ਇਸਰਾਈਲ ਦੇ ਲਈ ਇਹ ਅੱਧੀ ਰਾਤ ਦਾ ਅੰਧਕੌਰ ਸੀ ਜਦ ਉਹ ਸੰਸਾਰ ਨਾਲ ਮਿਲ ਗਏ ਅਤੇ ਰੂਹਾਨੀਅਤ ਦੀ ਥਾਂ ਰਾਜਨੀਤੀ ਨੂੰ ਅਪਣਾ ਲਿਆ। ਨੀਸੀਆ ਉਤੇ ਵੀ ਇਹ ਅੱਧੀ ਰਾਤ ਦਾ ਅੰਧਕੌਰ ਸੀ ਜਦ ਕਲੀਸੀਯਾ ਨੇ ਵੀ ਵੈਸਾ ਹੀ ਕੰਮ ਕੀਤਾ। ਅਤੇ ਹੁਣ ਫੇਰ ਇਹ ਅੱਧੀ ਰਾਤ ਦੇ ਹਨੇਰੇ ਦਾ ਸਮਾਂ ਹੈ ਜਦ ਮਿਸ਼ਨਾਂ ਇਕੱਠੀਆਂ ਹੋਣ ਜਾ ਰਹੀਆਂ ਹਨ।

ਹੁਣ ਜਦ ਅਹਾਬ ਨੇ ਈਜ਼ਬਲ ਨੂੰ ਵਿਆਹ ਲਿਆ ਉਸ ਉਹ ਨੂੰ ਆਗਿਆ ਦਿੱਤੀ ਕਿ ਉਹ ਰਾਜ ਦਾ ਪੈਸਾ ਲਵੇ ਅਤੇ ਅਸ਼ਤਾਰੋਥ ਦੇਵੀ ਤੇ ਬਾਅਲ ਦੇਵਤੇ ਲਈ ਦੋ ਵੱਡੇ-ਵੱਡੇ ਪੂਜਾ ਪਾਠ ਦੇ ਮੰਦਰ ਬਣਾਵੇ। ਜਿਹੜਾ ਬਾਅਲ ਦੇਵਤੇ ਲਈ ਉਸ ਬਣਾਇਆ ਉਹ ਏਨਾ ਵੱਡਾ ਸੀ ਕਿ ਸਾਰਾ ਇਸਰਾਈਲ ਹੀ ਉਥੇ ਆ ਕੇ ਪੂਜਾ ਕਰ ਸਕਦਾ ਸੀ। ਤੇ ਜਦ ਕਾਨਸਟਨਟਾਈਨ ਤੇ ਕਲੀਸੀਯਾ ਵਿਆਹੇ ਗਏ ਉਸ ਨੇ ਵੀ ਚਰਚ ਇਮਾਰਤਾਂ ਬਣਵਾਈਆਂ, ਅਤੇ ਜਗਵੇਦੀਆਂ ਤੇ ਬੁੱਤ ਖੜੇ ਕੀਤੇ। ਅਤੇ ਕਲੀਸੀਯਾ ਦੇ ਕੰਮਾਂ ਨੂੰ ਜਥੇਬੰਦੀ ਅੰਦਰ ਲਿਆਂਦਾ ਜੋ ਪਹਿਲਾਂ ਹੀ ਸੂਰਤ ਲੈ ਰਹੇ ਸਨ।

ਜਦ ਈਜ਼ਬਲ ਨੇ ਰਾਜ ਸੱਤਾ ਨੂੰ ਆਪਣੇ ਮਗਰ ਡਿੱਠਾ ਉਹ ਲੋਕਾਂ ਉਤੇ ਆਪਣੇ ਧਰਮ ਨੂੰ ਜਬਰਦਸਤੀ ਲਾਗੂ ਕਰਨ ਲੱਗੀ ਅਤੇ ਪਰਮੇਸ਼ੁਰ ਦੇ ਨਬੀਆਂ ਤੇ ਜਾਜਕਾਂ ਨੂੰ ਮਰਵਾ ਸੁਟਿਆ। ਹਾਲਾਤ ਏਨੇ ਭੈੜੇ ਹੋਏ ਭਈ ਏਲੀਯਾਹ ਨੇ ਜੋ ਆਪਣੇ ਸਮੇਂ ਦਾ ਦੂਤ ਸੀ ਸੋਚਿਆ ਹੁਣ ਉਹੀ ਇਕੱਲਾ ਬਾਕੀ ਰਹਿ ਗਿਆ ਹੈ, ਪਰੰਤੂ ਅਜੇ ਪਰਮੇਸ਼ੁਰ ਦੇ 7000 ਹੋਰ ਹੈ ਸਨ ਜਿਨ੍ਹਾਂ ਨੇ ਆਪਣੇ ਗੋਡੇ ਬਾ'ਅਲ ਦਿਉਤੇ ਅੱਗੇ ਨਹੀਂ ਸਨ ਟੇਕੇ। ਅਤੇ ਠੀਕ ਐਸ ਸਮੇਂ ਵੀ ਇਹਨਾਂ ਬਪਟਿਸਟਾਂ, ਮੈਥੋਡਿਸਟਾਂ, ਪ੍ਰੇਸਬਾਈਟੀਰੀਅਨ, ਆਦਿ ਮਿਸ਼ਨਾਂ ਦੇ ਅੰਦਰ ਕੁਝ ਲੋਕ ਹੈ ਨੇ ਜਿਹੜੇ ਬਾਹਰ ਨਿਕਲ ਆਉਣਗੇ ਅਤੇ ਪਰਮੇਸ਼ੁਰ ਵਲ ਪਰਤਣਗੇ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਹੁਣ ਜਾਂ ਕਦੇ ਵੀ ਲੋਕਾਂ ਦੇ ਖ਼ਿਲਾਫ ਨਹੀਂ ਹੋਇਆ। ਇਹ ਮਿਸ਼ਨਾਂ ਨੇ ਜਥੇਬੰਦੀ ਦਾ ਸਿਸਟਮ ਜਿਹਦੇ ਮੈਂ ਵਿਰੁੱਧ ਹਾਂ। ਮੈਨੂੰ ਇਹਦੇ ਵਿਰੁੱਧ ਹੋਣਾ ਹੋਵੇਗਾ ਕਿਉਂ ਜੋ ਪਰਮੇਸ਼ੁਰ ਨੂੰ ਇਸ ਤੋਂ ਘ੍ਰਿਣਾ ਹੈ।

ਆਓ ਇਕ ਮਿੰਟ ਲਈ ਇਥੇ ਰੁਕੀਏ ਅਤੇ ਉਸਤੇ ਦੁਬਾਰਾ ਵਿਚਾਰੀਏ ਜੋ ਅਸੀਂ ਥੂਆਤੀਰਾ ਯੁੱਗ ਵਿਚ ਪੂਜਾ ਪਾਠ ਬਾਰੇ ਵੇਖ ਰਹੇ ਸੀ। ਮੈਂ ਦਸਿਆ ਹੈ ਕਿ ਸਣੇ ਰਾਜਾ ਉਹਨਾਂ ਨੇ ਅਪੋਲੋ (Apollo) ਸੂਰਜ ਦੇਵਤੇ ਦੀ ਪੂਜਾ ਕੀਤੀ। ਉਹ ਇਸ ਅਪੋਲੋ ਦਿਉਤੇ ਨੂੰ "ਬੁਰਿਆਈ ਹਟਾਉਣ ਵਾਲਾ" ਕਹਿ ਕੇ ਪੁਕਾਰਦੇ ਸਨ। ਉਹ ਲੋਕਾਂ ਤੋਂ ਬੁਰਿਆਈ ਨੂੰ ਦੂਰ ਕਰ ਦਿੱਤਾ। ਉਨ੍ਹਾਂ ਨੂੰ ਅਸ਼ੀਰਵਾਦ ਦਿੰਦਾ ਅਤੇ ਉਨ੍ਹਾਂ ਲਈ ਇਕ ਸੱਚਾ ਦਿਉਤਾ ਸੀ। ਉਹ ਲੋਕਾਂ ਨੂੰ ਸਿਖਿਆ ਵੀ ਦਿੰਦਾ, ਉਹ ਪੂਜਾ ਪਾਠ ਬਾਰੇ ਦਸਦਾ, ਮੰਦਰ ਦੇ ਰਸਮ ਰਿਵਾਜ, ਦਿਉਤਿਆਂ ਪ੍ਰਤੀ ਸੇਵਾਵਾਂ, ਬਲੀਆਂ ਬਾਰੇ, ਅਤੇ ਮਰਨ ਦੇ ਪਿਛੋਂ ਜੀਵਨ ਤੇ ਮੌਤ ਬਾਰੇ ਸਿਖਾਉਂਦਾ। ਇਹ ਸਾਰੇ ਕੰਮ ਉਹ ਇਕ ਨਬੀਆ ਵਿਚੋਂ ਦੀ ਕਰਦਾ ਜਿਹੜੀ ਇੱਕ ਤਿੰਨਾਂ ਲੱਤਾਂ ਵਾਲੀ ਕੁਰਸੀ ਉੱਤੇ ਦਰਵਾਜ਼ੇ ਦੇ ਰਾਹ ਵਿਚ ਬੈਠਦੀ ਸੀ। ਓਹ ! ਕੀ ਤੁਸੀਂ ਵੇਖਦੇ ਓ ? ਔਥੇ ਹੈ ਉਹ ਨਬੀਆ ਜਿਹੜੀ ਈਜ਼ਬਲ ਕਹਾਉਂਦੀ ਹੈ ਅਤੇ ਉਹ ਮਨੁੱਖਾਂ ਨੂੰ ਸਿਖਾ ਰਹੀ ਹੈ। ਅਤੇ ਉਹ ਦੀ ਸਿੱਖਿਆ ਪਰਮੇਸ਼ੁਰ ਦੇ ਦਾਸਾਂ ਨੂੰ ਭਰਮਾਉਂਦੀ ਹੈ ਭਈ ਉਹ ਹਰਾਮਕਾਰੀ ਕਰਨ। ਹੁਣ ਹਰਾਮਕਾਰੀ ਦਾ ਅਰਥ ਹੈ "ਬੁੱਤ ਪੂਜਾ" (Idol Worship) ਇਸ ਦਾ ਰੂਹਾਨੀ ਅਰਥ ਇਹੀ ਹੈ। ਇਹ ਇਕ ਗੈਰ-ਕਾਨੂੰਨੀ ਮਿਲਾਪ ਹੈ (Illegal Union) ਅਹਾਬ ਅਤੇ ਕਾਨਸਟਨਟਾਈਨ ਦਾ ਮਿਲਾਪ ਦੋਨੋਂ ਹੀ ਗੈਰ-ਕਾਨੂੰਨੀ ਸਨ। ਦੋਨਾਂ ਹੀ ਰੂਹਾਨੀ ਹਰਾਮਕਾਰੀ ਕੀਤੀ। ਹਰ ਇਕ ਹਰਾਮੀ ਦਾ ਅੰਤ ਅੱਗ ਦੀ ਝੀਲ ਹੋਵੇਗਾ। ਪਰਮੇਸ਼ੁਰ ਇਸ ਤਰ੍ਹਾਂ ਫਰਮਾਇਆ ਹੈ।

ਫਿਰ ਕੈਥੋਲਿਕ ਕਲੀਸੀਯਾ (ਕਲੀਸੀਯਾ ਇਸਤ੍ਰੀ ਲਿੰਗ ਹੈ, ਇਹ ਇਕ ਔਰਤ ਹੈ) ਦੀ ਸਿਖਿਆ ਪਰਮੇਸ਼ੁਰ ਦੇ ਬਚਨ ਦਾ ਇਨਕਾਰ ਕਰਦੀ ਹੈ। ਪੋਪ (Pope) ਜਿਹੜਾ ਕਿ ਅਪੋਲੋ

(Apollo) ਹੈ ਉਸ ਲੋਕਾਂ ਨੂੰ ਸਿਖਾਇਆ ਹੈ ਕਿ ਬੁੱਤ ਪ੍ਰਸਤੀ ਕਰਨ । ਰੋਮੀ ਕਲੀਸੀਯਾ ਲੋਕਾਂ ਲਈ ਇਕ ਝੂਠੀ ਨਬੀਆ (A False Prophetess) ਹੈ ਇਸ ਲਈ ਜੋ ਉਸਨੇ ਲੋਕਾਂ ਤੋਂ ਪਰਮੇਸ਼ੁਰ ਦਾ ਬਚਨ ਚੁਰਾ ਲਿਆ ਹੈ ਅਤੇ ਆਪਣੇ ਹੀ ਵਿਚਾਰ ਉਨ੍ਹਾਂ ਅੱਗੇ ਰੱਖ ਦਿੱਤੇ ਹਨ ਜੈਸੇ ਕਿ ਪਾਪਾਂ ਦੀ ਮਾਫੀ ਪਾਉਣ ਬਾਰੇ, ਅਤੇ ਫਾਦਰ ਲੋਕ ਤਾਂ ਏਨੇ ਦੂਰ ਜਾ ਚੁਕੇ ਹਨ ਕਿ ਕੇਵਲ ਜੀਵਨ ਹੀ ਨਹੀਂ ਸਗੋਂ ਮੌਤ ਵੀ ਉਨ੍ਹਾਂ ਦੇ ਵੱਸ ਵਿਚ ਕੀਤੇ ਹੋਏ ਹਨ । ਉਨ੍ਹਾਂ ਦੀ ਤਾਲੀਮ ਆਪਣੀ ਹੀ ਹੈ ਤੇ ਆਖਦੇ ਹਨ ਇਕ ਪੁਰਗੇਟਰੀ (Purgatory) ਹੈ ਭਾਵ ਮੌਤ ਦੇ ਬਾਦ ਸ਼ੁੱਧੀ ਦਾ ਸਥਾਨ, ਪਰ ਬਾਈਬਲ ਵਿਚ ਐਸੀ ਕੋਈ ਤਾਲੀਮ ਨਹੀਂ ਮਿਲੇਗੀ । ਉਹ ਸਿਖਾਉਂਦੇ ਹਨ ਕਿ ਪ੍ਰਾਰਥਨਾਵਾਂ ਅਤੇ ਸਾਸਚ (ਅਸ਼ਾਇ ਰੱਬਾਨੀ) ਅਤੇ ਪੈਸਾ ਤੁਹਾਨੂੰ ਪੁਰਗਟਰੀ ਚੋਂ ਕੱਢ ਕੇ ਸਵਰਗ ਵਿਚ ਲੈ ਜਾਣਗੇ । ਪਰ ਇਹ ਸਾਰਾ ਹੀ ਸਿਲਸਲਾ ਜਿਹਦੇ ਤੇ ਇਹਨਾਂ ਦੀ ਸਿਖਿਆ ਅਧਾਰਤ ਹੈ, ਝੂਠਾ ਹੈ । ਇਹ ਤਾਲੀਮਾਂ ਪਰਮੇਸ਼ੁਰ ਦੇ ਬਚਨ ਦੇ ਪ੍ਰਕਾਸ਼ ਦੀ ਅਟੱਲ ਨੀਹ ਉਤੇ ਨਹੀਂ ਟਿਕਦੀਆਂ ਸਗੋਂ ਸ਼ੈਤਾਨ ਦੀ ਆਪਣੇ ਹੀ ਝੂਠਾਂ ਦੀ ਹਜੋਕੇ ਖਾਂਦੀ ਤੇ ਡੁੱਬਦੀ ਜਾਂਦੀ ਰੇਤ ਉੱਤੇ ਹੈ ।

ਕਲੀਸੀਯਾ ਜਥੇਬੰਦੀ (Orgenization) ਵਿਚ ਤਬਦੀਲ ਹੋ ਗਈ ਅਤੇ ਫਿਰ ਝੂਠੀਆਂ ਸਿਖਿਆਵਾਂ ਵਿਚ ਜਾ ਘੁਸੀ । ਇਹ ਸੱਚ ਹੈ । ਰੋਮਨ ਕੈਥੋਲਿਕ ਬਿਲਕੁੱਲ ਵਿਸ਼ਵਾਸ ਨਹੀਂ ਕਰਦੀ ਕਿ ਪਰਮੇਸ਼ੁਰ ਆਪਣੇ ਬਚਨ ਵਿਚ ਹੈ । ਨਹੀਂ, ਸ੍ਰੀ ਮਾਨ ਜੀ । ਜੇ ਉਹ ਕਰਨ ਉਹ ਤੋਬਾ ਕਰਨਗੇ ਤੇ ਵਾਪਸ ਆਉਣਗੇ, ਪਰ ਉਹ ਕਹਿੰਦੇ ਹਨ ਪਰਮੇਸ਼ੁਰ ਆਪਣੀ ਕਲੀਸੀਯਾ ਵਿਚ ਹੈ । ਇਹ ਗੱਲ ਬਾਈਬਲ ਨੂੰ ਕੈਥੋਲਿਕ ਕਲੀਸੀਯਾ ਦਾ ਇਤਿਹਾਸ ਬਣਾ ਦੇਵੇਗੀ । ਪਰ ਐਸਾ ਨਹੀਂ ਹੈ । ਤੁਸੀਂ ਵੇਖੋ ਉਹਨਾਂ ਨੇ ਇਕੱਲੇ ਪਾਣੀ ਦੇ ਬਪਤਿਸਮੇ ਨੂੰ ਕੀ ਕਰ ਸੁਟਿਆ ਹੈ । ਉਨ੍ਹਾਂ ਮਸੀਹੀ ਬਪਤਿਸਮਾ ਹਟਾ ਦਿਤਾ ਅਤੇ ਖਿਤਾਬਾਂ (Titles) ਵਿਚ ਦੇ ਕੇ ਬੁੱਤ ਪ੍ਰਸਤੀ ਵਿਚ ਬਦਲ ਦਿੱਤਾ (ਤਸਲੀਸ, ਤਿੰਨ ਖੁਦਾ ਦੀ ਤਾਲੀਮ)

ਮੈਂ ਤੁਹਾਨੂੰ ਆਪਣੇ ਇਕ ਤਜ਼ਰਬੇ ਬਾਰੇ ਦੱਸਦਾ ਹਾਂ ਜੋ ਮੈਨੂੰ ਇੱਕ ਕੈਥੋਲਿਕ ਪਰੀਸਟ ਕੋਲੋਂ ਹਾਸਲ ਹੋਇਆ । ਇਕ ਲੜਕੀ ਜਿਹਨੂੰ ਮੈਂ ਇੱਕ ਵਾਰ ਬਪਤਿਸਮਾ ਦਿੱਤਾ ਸੀ ਕੈਥੋਲਿਕ ਬਣ ਗਈ । ਤੇ ਪਰੀਸਟ ਨੇ ਉਸ ਲੜਕੀ ਬਾਰੇ ਮੈਥੋਂ ਪੁੱਛਣਾ ਚਾਹਿਆ । ਉਸ ਪੁੱਛਿਆ ਤੁਸਾਂ ਉਹਨੂੰ ਕਿਵੇਂ ਬਪਤਿਸਮਾ ਦਿੱਤਾ । ਮੈਂ ਦੱਸਿਆ ਮੈਂ ਉਸ ਨੂੰ ਮਸੀਹੀ ਬਪਤਿਸਮਾ ਦਿੱਤਾ ਹੈ ਜੋ ਮੇਰੇ ਗਿਆਨ ਅਨੁਸਾਰ ਇੱਕੋਈ ਪ੍ਰਕਾਰ ਦਾ ਹੈ । ਮੈਂ ਉਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਪਾਣੀ ਅੰਦਰ ਦਫਨ ਕੀਤਾ ਹੈ । ਉਹ ਬੋਲਿਆ, ਕਦੇ ਕੈਥੋਲਿਕ ਕਲੀਸੀਯਾ ਵੀ ਉਸੇ ਤਰ੍ਹਾਂ ਦਿਆ ਕਰਦੀ ਸੀ । ਮੈਂ ਫੌਰਨ ਉਸ ਤੋਂ ਪੁੱਛਿਆ, ਕਦ ਕੈਥੋਲਿਕ ਇੰਝ ਦਿਆ ਕਰਦੀ ਸ਼ੀ, ਕਿਉਂ ਜੋ ਮੈਂ ਉਨ੍ਹਾਂ ਦੀਆਂ ਇਤਿਹਾਸਕ ਪੋਥੀਆਂ ਨੂੰ ਪੜ੍ਹਿਆ ਸੀ ਅਤੇ ਜੋ ਉਹ ਕਹਿ ਰਿਹਾ ਸੀ ਮੈਨੂੰ ਨਹੀਂ ਸੀ ਲੱਭਾ । ਉਹ ਬੋਲਿਆ, ਇਹ ਬਾਈਬਲ ਅੰਦਰ ਤੁਹਾਨੂੰ ਮਿਲੇਗਾ, ਅਤੇ ਯਿਸੂ ਨੇ ਹੀ ਕੈਥੋਲਿਕ ਕਲੀਸੀਯਾ ਬਣਾਈ ਸੀ । ਮੈਂ ਪੁੱਛਿਆ ਤੁਹਾਡਾ ਕੀ ਵਿਚਾਰ ਏ, ਕੀ ਪਤਰਸ ਹਾਂ ਸੱਚਮੁੱਚ ਪਹਿਲਾ ਪੋਪ ਸੀ । ਉਸ ਜ਼ੋਰ ਦੇ ਕੇ ਕਿਹਾ ਉਹੀ ਸੀ । ਮੈਂ ਪੁਛਿਆ ਕੀ ਬੰਦਗੀਆਂ (Masses) ਲਾਤੀਨੀ ਬੋਲੀ ਵਿੱਚ ਹੀ ਹੁੰਦੀਆਂ ਸਨ ਕਿ ਉਹ ਠੀਕ ਰਹਿਣ ਤੇ ਕਦੇ ਨਾ ਬਦਲਣ । ਉਸ ਆਖਿਆ, ਇਹ ਸੱਚ ਹੈ । ਮੈਂ

ਕਿਹਾ, ਮੈਂ ਤਾਂ ਸੋਚਦਾ ਸੀ ਜੋ ਉਨ੍ਹਾਂ ਪਾਸ ਸ਼ੁਰੂ ਵਿੱਚ ਸੀ ਉਹ ਉਸ ਤੋਂ ਭਟਕ ਕੇ ਦੂਰ ਜਾ ਚੁਕੇ ਹਨ। ਮੈਂ ਜਰਾ ਉਸ ਦੇ ਦਿਮਾਗ ਅੰਦਰ ਇਹ ਘੱਲਣਾ ਚਾਹੁੰਦਾ ਸੀ ਕਿ ਜੇ ਕੈਥੋਲਿਕ ਕਲੀਸੀਆ ਸੱਚੀ'ਮੁਚੀ' ਰਸੂਲਾਂ ਦੇ ਕਰਤੱਬ ਦੀ ਪੋਥੀ ਤੇ ਵਿਸ਼ਵਾਸ ਕਰਦੀ ਸੀ ਫਿਰ ਮੈਂ ਇੱਕ ਪੁਰਾਣੇ ਸਮੇਂ ਦਾ ਕੈਥੋਲਿਕ ਹਾਂ। ਉਹ ਬੋਲਿਆ ਬਾਈਬਲ ਕੈਥੋਲਿਕ ਕਲੀਸੀਯਾ ਦਾ ਇਤਿਹਾਸ ਸੀ ਅਤੇ ਪਰਮੇਸ਼ੁਰ ਕਲੀਸੀਯਾ ਵਿੱਚ ਹੈ। ਮੈਂ ਉਸ ਨਾਲ ਸਹਿਮਤ ਨਹੀਂ ਸੀ ਇਸ ਲਈ ਜੋ ਪਰਮੇਸ਼ੁਰ ਆਪਣੇ ਬਚਨ ਵਿੱਚ ਹੈ। ਪਰਮੇਸ਼ੁਰ ਸੱਚਾ ਹੈ ਪਰ ਮਨੁਖ ਝੂਠਾ ਹੈ। ਜੇ ਤੁਸੀਂ ਇਸ ਪੋਥੀ ਚੋਂ ਕੁਝ ਘਟਾਉਂਦੇ ਜਾਂ ਵਧਾਉਂਦੇ ਹੋ ਪਰਮੇਸ਼ਰ ਵਾਹਿਦੇ ਨਾਲ ਆਖਦਾ ਹੈ ਜੋ ਐਸਾ ਕਰੇਗਾ ਉਸ ਉੱਤੇ ਪਰਮੇਸ਼ਰ ਦੀਆਂ ਬਵਾਂ ਪੈਣਗੀਆਂ ਤੇ ਜੀਵਨ ਦੀ ਪੋਥੀ ਚੋਂ ਉਨ੍ਹਾਂ ਦਾ ਹਿੱਸਾ ਕੱਟਿਆ ਜਾਵੇਗਾ ਜੇ ਉਨ੍ਹਾਂ ਘਟਾਉਣ ਦੀ ਦਲੇਰੀ ਕੀਤੀ। ਪਰਕਾਸ਼ ਪੋਥੀ 22 : 18-19

ਮੈਂ ਤੁਹਾਨੂੰ ਵਿਖਾਉਂਦਾ ਹਾਂ ਰੋਮਨ ਕੈਥੋਲਿਕ ਕਲੀਸੀਯਾ ਕਿਵੇਂ ਵਿਸ਼ਵਾਸ ਕਰਦੀ ਹੈ ਕਿ ਪਰਮੇਸ਼ੁਰ ਬਚਨ ਦੀ ਬਜਾਏ ਕਲੀਸੀਯਾ ਵਿੱਚ ਹੈ। ਪੋਪ ਜੌਹਨ 23ਵੇਂ ਦੀ ਡਾਇਰੀ ਚੋਂ ਇਥੇ ਇੱਕ ਬਿਆਨ ਹੈ। "ਪੋਪ ਦੇ ਤੌਰ ਤੇ ਮੇਰਾ ਤਿੰਨਾਂ ਸਾਲਾਂ ਦਾ ਤਜ਼ਰਬਾ, ਜਦ ਤੋਂ 'ਡਰਦੇ ਤੇ ਕੰਬਦੇ ਹੋਏ' ਮੈਂ ਪਵਿੱਤਰ ਆਗਿਆਕਾਰੀ ਵਿੱਚ ਪ੍ਰਭੂ ਦੀ ਮਰਜੀ ਲਈ ਇਸ ਸੇਵਾ ਨੂੰ ਪਰਵਾਨ ਕੀਤਾ ਹੈ, ਜਿਹੜੀ ਮੈਨੂੰ ਪੋਪ ਦੀ ਚੋਣ ਮੀਟਿੰਗ ਵਿੱਚ ਕਾਰਡੀਨਲਜ਼ ਦੇ ਪਵਿੱਤਰ ਕਾਲਜ ਰਾਹੀਂ ਸੌਂਪੀ ਗਈ ਦਾ ਹੱਦੋਂ ਵੱਧ ਗਵਾਹ ਹਾਂ ਅਤੇ ਜੋ ਮੇਰੇ ਵਾਸਤੇ ਜਿੰਦਾ ਤੇ ਅੰਤਿਮ ਕਾਰਣ ਹੈ ਦੇ ਪ੍ਰਤੀ ਸੱਚਾ ਠਹਿਰਾਂ; ਪਰਮੇਸ਼ੁਰ ਤੇ ਪੂਰਣ ਭਰੋਸਾ ਰੱਖਾਂ ਉਨ੍ਹਾਂ ਸਾਰੀਆਂ ਵਰਤਮਾਨ ਗੱਲਾਂ ਲਈ, ਅਤੇ ਪੂਰਣ ਸ਼ਾਂਤੀ ਤੇ ਖੁਸ਼ੀ ਲਈ ਜੋ ਭਵਿੱਖ ਬਾਰੇ ਹਨ।" ਇਸ ਪੋਪ ਦਾ ਬਿਆਨ ਹੈ ਕਿ ਪਰਮੇਸ਼ੁਰ ਮੇਰੇ ਨਾਲ ਚਰਚ ਰਾਹੀਂ ਬੋਲਿਆ ਤੇ ਆਪਣੀ ਮਰਜ਼ੀ ਨੂੰ ਪ੍ਰਗਟ ਕੀਤਾ। ਕਿੰਨਾ ਝੂਠ ਹੈ। ਪਰਮੇਸ਼ੁਰ ਆਪਣੇ ਬਚਨ ਵਿੱਚ ਹੈ ਅਤੇ ਬਚਨ ਰਾਹੀਂ ਬੋਲਦਾ ਹੈ ਤੇ ਆਪਣੀ ਮਰਜ਼ੀ ਨੂੰ ਪਰਗਟ ਕਰਦਾ ਹੈ। ਉਸ ਇਹ ਵੀ ਬਿਆਨ ਦਿੱਤਾ ਕਿ ਉਸ ਮਨੁਖਾਂ ਦੇ ਬਚਨ ਵਿੱਚ ਪੂਰਣ ਭਰੋਸਾ ਰੱਖਿਆ ਹੈ ਅਤੇ ਪੂਰਣ ਸ਼ਾਂਤੀ ਨਾਲ ਇਸ ਦਾ ਆਗਿਆਕਾਰ ਹੋਇਆ ਹੈ। ਇਹ ਅਵਾਜ਼ ਤਾਂ ਬੜੀ ਸੁੰਦਰ ਹੈ ਪਰ ਬਹੁਤ ਝੂਠੀ ਹੈ। ਉਸੇ ਤਰ੍ਹਾਂ ਸੱਚਿਆਈ ਦਾ ਵਿਗਾੜ ਜਿਵੇਂ ਅਦਨ ਬਾਗ ਵਿੱਚ ਹੋਇਆ।

ਹੁਣ ਆਓ ਅਸੀਂ ਪਰਕਾਸ਼ ਪੋਥੀ 17 ਵਿੱਚ ਚਲੀਏ ਅਤੇ ਇਸ ਔਰਤ ਅਰਥਾਤ ਕਲੀਸੀਯਾ ਨੂੰ ਵੇਖੀਏ ਜਿਹੜੀ ਝੂਠੀਆਂ ਭਵਿੱਖਬਾਣੀਆਂ ਤੇ ਪਲ ਰਹੀ ਹੈ ਤੇ ਪਰਮੇਸ਼ੁਰ ਦੇ ਬਚਨ ਤੇ ਨਹੀਂ। ਪਹਿਲੀ ਹੀ ਆਇਤ ਵਿੱਚ ਪਰਮੇਸ਼ਰ ਇਸ ਨੂੰ ਵੱਡੀ ਕੰਜਰੀ ਆਖਦਾ ਹੈ। ਇਹ ਕੰਜਰੀ ਹੈ ਕਿਉਂ ? ਕਿਉਂ ਜੋ ਇਹ ਬੁੱਤ ਪ੍ਰਸਤੀ ਵਿੱਚ ਹੈ। ਉਸ ਲੋਕਾਂ ਨੂੰ ਵੀ ਇਸ ਵਿੱਚ ਫਸਾ ਲਿਆ ਹੈ। ਬੁੱਤ ਪ੍ਰਸਤੀ ਦਾ ਇਲਾਜ ਕੀ ਹੈ ? ਪਰਮੇਸ਼ੁਰ ਦਾ ਬਚਨ। ਇਹ ਔਰਤ ਇਸ ਲਈ ਕੰਜਰੀ ਹੈ ਕਿਉਂ ਜੋ ਇਸ ਨੇ ਬਚਨ ਛੱਡ ਦਿੱਤਾ ਹੈ। ਇਹ ਬਹੁਤ ਸਾਰੇ ਪਾਣੀਆਂ ਤੇ ਬੈਠੀ ਹੋਈ ਹੈ ਜਿਹਦਾ ਅਰਥ ਹੈ ਬੇਸ਼ੁਮਾਰ ਲੋਕ। ਇਹ ਜਰੂਰ ਹੀ ਝੂਠੀ ਕਲੀਸੀਯਾ ਹੈ ਕਿਉਂਕਿ ਪਰਮੇਸ਼ੁਰ ਦੀ ਕਲੀਸੀਯਾ ਨਿੱਕਾ ਝੁੰਡ ਹੈ—ਵਿਰਲੇ ਹੀ ਹਨ ਜਿਹੜੇ ਮੁਕਤੀ ਪਾਉਂਦੇ ਹਨ।

ਵੇਖੋ ਇਹ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਕੈਸੀ ਲਗਦੀ ਹੈ, ਭਾਵੇਂ ਇਹ ਲੋਕਾਂ ਦੀਆਂ ਨਜਰਾਂ ਵਿੱਚ ਕਿੰਨੀ ਵੀ ਪਿਆਰੀ ਤੇ ਕਿੰਨੀ ਅਕਲਮੰਦ ਕਿਉਂ ਨਾ ਜਾਪੇ। ਉਹ ਭਰਿਸ਼ਟ ਹੈ ਤੇ ਆਪਣੀ

ਹਰਾਮਕਾਰੀ ਦੀ ਮੈ ਨਾਲ ਮਸਤ ਹੈ । ਉਹ ਤਾਂ ਯਿਸੂ ਦੇ ਸ਼ਹੀਦਾਂ ਦਾ ਲਹੂ ਪੀ ਪੀ ਕੇ ਮਸਤ ਹੋਈ ਪਈ ਹੈ । ਉਸੇ ਤਰ੍ਹਾਂ ਜਿਵੇਂ ਈਜਬਲ ਨੇ ਨਬੀਆਂ ਤੇ ਜਾਜਕਾਂ ਦਾ ਲਹੂ ਬਹਾਇਆ ਤੇ ਪਰਮੇਸ਼ੁਰ ਦੇ ਭਗਤਾਂ ਦਾ ਨਾਸ ਕੀਤਾ ਜਿਨ੍ਹਾਂ ਬਾਅਲ ਦਿਓਤੇ ਦੀ ਪੂਜਾ ਨਾ ਕੀਤੀ ਠੀਕ ਉਹੀ ਕੈਥੋਲਿਕ ਕਲੀ-ਸੀਯਾ ਨੇ ਵੀ ਕੀਤਾ । ਜਿਹੜੇ ਪੋਪਸ਼ਾਹੀ ਅੱਗੇ ਨਾ ਝੁਕੇ, ਓਹਨਾਂ ਨੇ ਉਨ੍ਹਾਂ ਨੂੰ ਕਤਲ ਕਰ ਸੁਟਿਆ । ਜਿਨ੍ਹਾਂ ਨੇ ਮਨੁਖਾਂ ਦੇ ਬਚਨਾਂ ਦੀ ਬਜਾਏ ਪਰਮੇਸ਼ੁਰ ਦੇ ਬਚਨ ਨੂੰ ਚਾਹਿਆ ਮੌਤ ਦੇ ਘਾਟ ਉਤਾਰੇ ਗਏ ਤੇ ਉਹ ਵੀ ਬੜੇ ਜ਼ਾਲਮ ਤਰੀਕਿਆਂ ਨਾਲ । ਪਰ ਇਹ ਕਲੀਸੀਯਾ ਜਿਹੜੀ ਹੋਰਨਾ ਨੂੰ ਮਾਰ ਰਹੀ ਸੀ ਆਪ ਹੀ ਮੁਰਦਾ ਸੀ ਪਰ ਉਹ ਇਹ ਨਹੀਂ ਸੀ ਜਾਣਦੀ । ਉਹਦੇ ਅੰਦਰ ਨਾ ਕੋਈ ਜੀਵਨ ਸੀ ਤੇ ਨਾ ਕੋਈ ਨਿਸ਼ਾਨ ਉਹਦੇ ਪਿੱਛੇ ਆਏ ।

# ਤੋਬਾ ਲਈ ਵਿਹਲ ਦਿੱਤੀ ਗਈ

ਪਰਕਾਸ਼ ਪੋਥੀ 2:21, "ਅਤੇ ਮੈਂ ਉਹਨੂੰ ਵਿਹਲ ਦਿੱਤਾ ਭਈ ਤੋਬਾ ਕਰੇ ਪਰ ਉਹ ਆਪਣੀ ਹਰਾਮਕਾਰੀ ਤੋਂ ਤੋਬਾ ਕਰਨੀ ਨਹੀਂ ਚਾਹੁੰਦੀ ਹੈ ।" ਤੁਸੀਂ ਵੇਖਦੇ ਹੋ ਇਹ ਕਲੀਸੀਯਾ ਅਸਲ ਵਿੱਚ ਅਹਾਬ ਰਾਜੇ ਨਾਲੋਂ ਵੀ ਜ਼ਿਆਦਾ ਬਦ ਸੀ ? ਤੁਸੀਂ ਜਾਣਦੇ ਹੋ ਉਸ ਕੁਝ ਸਮੇਂ ਲਈ ਤੋਬਾ ਕੀਤੀ ਤੇ ਪਰਮੇਸ਼ੁਰ ਦੇ ਹਜ਼ੂਰ ਨਰਮਾਈ ਨਾਲ ਚੱਲਿਆ । ਪਰ ਰੋਮਨ ਕੈਥੋਲਿਕ ਕਲੀਸੀਯਾ ਬਾਰੇ ਤੁਸੀਂ ਇਹ ਨਹੀਂ ਕਹਿ ਸਕਦੇ । ਨਹੀਂ, ਸ੍ਰੀ ਮਾਨ ਜੀ । ਉਹ ਕਦੇ ਨਹੀਂ ਪਛਤਾਈ ਸਗੋਂ ਹਾਠੀਪੁਣੇ ਨਾਲ ਹਰੇਕ ਦਾ ਨਾਸ ਕੀਤਾ, ਉਨ੍ਹਾਂ ਦਾ ਵੀ ਜਿਨ੍ਹਾਂ ਤੋਬਾ ਕਰਨ ਵਿੱਚ ਉਸਦੀ ਮਦਦ ਕਰਨੀ ਚਾਹੀ । ਇਹ ਇਤਿਹਾਸ ਹੈ । ਪਰਮੇਸ਼ੁਰ ਨੇ ਲਗਾਤਾਰ ਹਰੇਕ ਜੁੱਗ ਵਿੱਚ ਕੇਵਲ ਦੂਤ ਹੀ ਖੜੇ ਨਹੀਂ ਕੀਤੇ ਸਗੋਂ ਦੂਤਾਂ ਦੀ ਸਹਾਇਤਾ ਲਈ ਸ਼ਾਨਦਾਰ ਸਹਾਇਕ ਵੀ ਖੜੇ ਕੀਤੇ । ਉਸਨੇ ਹਰ ਜੁੱਗ ਨੂੰ ਕੁਝ ਅਜੀਬ ਰੱਬ ਦੇ ਬੰਦੇ ਦਿੱਤੇ ਅਤੇ ਕਲੀਸੀਯਾ ਨੂੰ ਵਾਪਸ ਪਰਮੇਸ਼ੁਰ ਵੱਲ ਮੋੜਨ ਦੇ ਲਈ ਜੋ ਉਨ੍ਹਾਂ ਤੋਂ ਹੋ ਸਕਿਆ ਸੋ ਕੀਤਾ । ਪਰਮੇਸ਼ੁਰ ਨੇ ਜ਼ਰੂਰ ਉਸ ਨੂੰ ਮੌਕਾ ਦਿੱਤਾ ਤੇ ਤੋਬਾ ਲਈ ਸਹਾਇਤਾ ਕੀਤੀ । ਪਰ ਕੀ ਉਹ ਕਦੇ ਪਛਤਾਈ ਤੇ ਆਪਣੇ ਫਲਾਂ ਵੱਲ ਝਾਤੀ ਮਾਰੀ ? ਨਹੀਂ, ਸ੍ਰੀ ਮਾਨ ਜੀ । ਉਹ ਕਦੇ ਨਹੀਂ ਪਛਤਾਈ ਤੇ ਨਾ ਹੀ ਕਦੇ ਪਛਤਾਏਗੀ । ਉਹ ਮਸਤ ਹੈ । ਆਤਮਿਕ ਗੱਲਾਂ ਵਿੱਚ ਉਹਦੀ ਹੋਸ਼ ਮਰ ਚੁੱਕੀ ਹੈ ।

ਹੁਣ ਗੜਬੜ ਵਿੱਚ ਨਾ ਪੈ ਜਾਣਾ ਤੇ ਸੋਚਣਾ ਸ਼ੁਰੂ ਕਰ ਦਿਓ ਕਿ ਰੋਮੀ ਕਲੀਸੀਯਾ ਨੇ ਸੰਤਾਂ ਉੱਤੇ ਕੀਤੇ ਆਪਣੇ ਕਤਲੇਆਮ ਤੋਂ ਤੋਬਾ ਕਰ ਲਈ ਹੈ ਇਸ ਲਈ ਜੋ ਉਹ ਆਪਣੀ ਤਾਲੀਮ ਅਕੀਦੇ ਨੂੰ ਪ੍ਰੋਟੈਸਟੇਂਟ ਤਾਲੀਮ ਦੀ ਲਾਈਨ ਵਿੱਚ ਲਿਆ ਕੇ ਉਨ੍ਹਾਂ ਨਾਲ ਏਕਤਾ ਕਰਨ ਦੇ ਯਤਨ ਕਰ ਰਹੀ ਹੈ । ਉਸ ਇੱਕ ਵਾਰੀ ਵੀ ਮਾਫੀ ਨਹੀਂ ਮੰਗੀ ਤੇ ਕਿਹਾ ਹੋਵੇ ਜਿਹੜੇ ਉਸ ਬੇਸ਼ੁਮਾਰ ਕਤਲ ਕੀਤੇ ਨੇ ਉਹਨਾਂ ਵਿਚ ਉਹ ਗਲਤ ਸੀ । ਤੇ ਉਹ ਮਾਫੀ ਮੰਗੇਗੀ ਵੀ ਨਹੀਂ । ਅਤੇ ਉਹ ਇਸ ਖਾਸ ਸਮੇਂ ਤੇ ਭਾਵੇਂ ਕਿੰਨੀ ਵੀ ਮੁਲਾਇਮ ਤੇ ਪਿਆਰੀ ਦਿਖਾਈ ਕਿਉਂ ਨਾ ਦਵੇ, ਉਹ ਫਿਰ ਵੀ ਉੱਠੇਗੀ ਤੇ ਮਾਰੇਗੀ । ਇਸ ਲਈ ਜੋ ਕਤਲ ਉਹਦੇ ਬਦ ਤੇ ਨਾ ਤੋਬਾ ਕੀਤੇ ਦਿਲ ਵਿੱਚ ਪਿਆ ਵਸਦਾ ਏ ।

# ਕੰਜਰੀ ਤੇ ਉਹਦੇ ਬਾਲਕਾਂ ਦੇ ਵਿਰੁੱਧ ਸਜਾ ਸੁਣਾਈ ਗਈ

ਪਰਕਾਸ਼ ਪੋਥੀ 2:22-23, "ਵੇਖ, ਮੈਂ ਉਹਨੂੰ ਇੱਕ ਵਿਛੌਣੇ ਉੱਤੇ ਸੁੱਟਦਾ ਹਾਂ ਅਤੇ ਉਨ੍ਹਾਂ ਨੂੰ ਜੋ ਉਹਦੇ ਨਾਲ ਜ਼ਨਾਹ ਕਰਦੇ ਹਨ ਵੱਡੀ ਬਿਪਤਾ ਵਿੱਚ ਪਾ ਦਿਆਂਗਾ ਜੇ ਉਹਨਾਂ ਉਹਦੇ ਕੰਮਾਂ ਤੋਂ ਤੋਬਾ ਨਾ ਕੀਤੀ। ਅਤੇ ਮੈਂ ਉਹਦੇ ਬਾਲਕਾਂ ਨੂੰ ਮਾਰ ਸੁੱਟਾਂਗਾ ਅਤੇ ਸਾਰੀਆਂ ਕਲੀਸੀਯਾਂ ਜਾਣ ਲੈਣਗੀਆਂ ਜੋ ਗੁਰਦਿਆਂ ਤੇ ਹਿਰਦਿਆਂ ਦਾ ਜਾਚਣ ਵਾਲਾ ਮੈਂ ਹੀ ਹਾਂ, ਅਤੇ ਮੈਂ ਤੁਹਾਡੇ ਵਿੱਚੋਂ ਹਰੇਕ ਨੂੰ ਤੁਹਾਡੀਆਂ ਕਰਨੀਆਂ ਦੇ ਅਨੁਸਾਰ ਫਲ ਦਿਆਂਗਾ।"

ਕੀ ? ਇਸ ਔਰਤ ਦੇ ਬੱਚੇ ਹਨ ? ਅਤੇ ਇੱਕ ਕੰਜਰੀ ਹੈ ? ਜੇ ਇਹੀ ਕੇਸ ਹੈ ਭਈ ਉਹਦੇ ਕੰਜਰੀਪੁਣੇ ਦੇ ਬੱਚੇ ਹਨ ਫਿਰ ਉਹ ਜਰੂਰ ਅੱਗ ਨਾਲ ਫੂਕੀ ਜਾਵੇਗੀ ਜਿਵੇਂ ਪਰਮੇਸ਼ੁਰ ਦੇ ਬਚਨ ਨੇ ਫਰਮਾਇਆ ਹੈ। ਉਹਦਾ ਅੰਤ ਇਹੀ ਹੈ ਕਿ ਉਹ ਅੱਗ ਨਾਲ ਸਾੜੀ ਜਾਵੇਗੀ। ਉਹਦਾ ਓੜਕ ਅੱਗ ਦੀ ਝੀਲ ਹੈ। ਪਰ ਜ਼ਰਾ ਕੁ ਰੁਕੋ ਤੇ ਇਹਦੇ ਬੱਚਿਆਂ ਬਾਰੇ ਵਿਚਾਰ ਕਰੋ। ਇੱਕ ਔਰਤ ਉਹੀ ਹੈ ਜਿਸ ਤੋਂ ਬੱਚੇ ਪੈਦਾ ਹੁੰਦੇ ਹਨ। ਇਹ ਤਾਂ ਸਾਫ ਪਰਗਟ ਹੈ ਕਿ ਇਸ ਔਰਤ ਦੇ ਬਾਲਕ ਹਨ ਜਿਹੜੇ ਇਸ ਚੋਂ ਆਏ ਹਨ ਤੇ ਉਨ੍ਹਾਂ ਵੀ ਉਹੀ ਕੀਤਾ ਜੋ ਇਸਨੇ ਕੀਤਾ। ਮੈਨੂੰ ਕੋਈ ਕਲੀਸੀਯਾ ਵਿਖਾਓ ਜਿਹੜੀ ਜਥੇਬੰਦ ਮਿਸ਼ਨ ਚੋਂ ਬਾਹਰ ਆਈ ਅਤੇ ਫਿਰ ਉਸੇ ਬੰਧਨ ਵਿੱਚ ਵਾਪਸ ਨਾ ਗਈ। ਇੱਕ ਵੀ ਨਹੀਂ। ਕੋਈ ਨਹੀਂ। ਲੂਥਰਨ ਬਾਹਰ ਆਏ ਤੇ ਫਿਰ ਬੰਧਨ ਵਿੱਚ ਚਲੇ ਗਏ ਤੇ ਉਹਨਾਂ ਦਾ ਹੱਥ ਅੱਜ ਇਕਯੂਮਨੀਕਲ ਲਹਿਰ ਦੇ ਹੱਥ ਵਿੱਚ ਹੈ। ਮੈਥੋਡਿਸਟ ਬਾਹਰ ਆਏ ਤੇ ਉਹ ਵੀ ਗੁਲਾਮੀ ਦੇ ਬੰਧਨ ਵਿੱਚ ਵਾਪਸ ਚਲੇ ਗਏ। ਪੈਂਟੀਕਾਸਟਲ ਆਏ ਤੇ ਉਹ ਵੀ ਚਲੇ ਗਏ। ਹੁਣ ਇੱਕ ਹੋਰ ਬਾਹਰ ਨਿਕਲਣ ਆਉਣ ਵਾਲਾ ਹੈ, ਅਤੇ ਖੁਦਾ ਦੀ ਤਾਰੀਫ ਹੋਵੇ. ਉਹ ਵਾਪਸ ਮਿਸ਼ਨ ਦੀ ਜਥੇਬੰਦੀ ਅੰਦਰ ਨਹੀਂ ਜਾਣਗੇ ਇਸ ਲਈ ਜੋ ਉਹ ਸੱਚਿਆਈ ਤੋਂ ਵਾਕਫ ਹਨ। ਉਹ ਗਰੁੱਪ ਅੰਤਿਮ ਦਿਨਾਂ ਦੀ ਲਾੜ੍ਹੀ ਹੋਵੇਗਾ।

ਹੁਣ ਇਥੇ ਦੱਸਿਆ ਗਿਆ ਹੈ ਭਈ ਇਸ ਕੰਜਰੀ ਮਾਂ ਦੇ ਬੱਚੇ ਹਨ। ਉਹ ਕੌਣ ਸਨ ? ਉਹ ਧੀਆਂ ਸਨ ਕਿਉਂ ਜੋ ਉਹ ਉਹਦੇ ਵਰਗੀਆਂ ਕਲੀਸੀਆਵਾਂ ਸਨ। ਹੁਣ ਇੱਥੇ ਇੱਕ ਬੜੀ ਦਿਲਚਸਪ ਗੱਲ ਹੈ। ਈਜ਼ਬਲ ਅਤੇ ਅਹਾਬ ਦੀ ਇੱਕ ਧੀ ਹੈਸੀ। ਉਸ ਧੀਅ ਨੇ ਯਹੋਸ਼ ਫਾਟ ਦੇ ਲੜਕੇ ਯੋਰਾਮ ਨਾਲ ਸ਼ਾਦੀ ਕੀਤੀ ਅਤੇ ਰਾਜਾ 2:18 ਵਿੱਚ ਦੱਸਿਆ ਗਿਆ ਹੈ ਕਿ, "ਯੋਰਾਮ ਆਪਣੇ ਸੌਹਰੇ ਦੀਆਂ ਰਾਹਾਂ ਉੱਤੇ ਤੁਰਿਆ।" ਇਸ ਸ਼ਾਦੀ ਦੁਆਰਾ ਉਹ ਸਿੱਧਾ ਬੁੱਤ ਪ੍ਰਸਤੀ ਅੰਦਰ ਚਲਾ ਗਿਆ। ਤੇ ਉਹ ਖੁਦਾ-ਖੌਫ ਅਤੇ ਖੁਦਾ-ਪ੍ਰਸਤ ਯਹੂਦਾਹ ਨੂੰ ਵੀ ਬੁੱਤ ਪ੍ਰਸਤੀ ਵਿੱਚ ਲੈ ਵੜਿਆ। ਠੀਕ ਉਹੀ ਇਹਨਾਂ ਸਾਰੀਆਂ ਧੀਆਂ ਕਲੀਸੀਯਾਂ ਨੇ ਕੀਤਾ ਹੈ ਜਿਵੇਂ ਮੈਂ ਤੁਹਾਨੂੰ ਦੱਸ ਵੀ ਚੁੱਕਿਆ ਹਾਂ। ਉਹ ਸੱਚਿਆਈ ਵਿੱਚ ਚੱਲੇ ਅਤੇ ਸ਼ਾਦੀ ਰਾਹੀਂ ਮਿਸ਼ਨ ਜੱਥੇਬੰਦੀ ਅੰਦਰ ਚਲੇ ਗਏ ਅਤੇ ਪਰਮੇਸ਼ੁਰ ਦੇ ਬਚਨ ਦੀ ਥਾਂ ਮਨੁੱਖੀ ਰੀਤਾਂ ਤੇ ਅਕੀਦਿਆਂ ਆਦਿ ਨੇ ਆ ਘੇਰੀ। ਮੈਨੂੰ ਥੋੜਾ ਇਹਨੂੰ ਸਾਫ ਕਰ ਲੈਣ ਦਿਓ। ਇਬਰਾਨੀ 13:7 ਇਹ ਦੱਸਦੀ ਹੈ, "ਤੁਸੀਂ ਆਪਣੇ ਆਗੂਆਂ ਨੂੰ ਚੇਤੇ ਰੱਖੋ ਜਿਨ੍ਹਾਂ ਤੁਹਾਨੂੰ ਪਰਮੇਸ਼ੁਰ ਦਾ ਬਚਨ ਸੁਣਾਇਆ। ਉਹਨਾਂ ਦੀ ਚਾਲ ਦੇ ਓੜਕ ਵੱਲ ਧਿਆਨ

ਕਰਕੇ ਉਹਨਾਂ ਦੀ ਨਿਹਚਾ ਦੀ ਰੀਸ ਕਰੋ।" ਇਹ ਬਚਨ ਹੀ ਹੈ ਜਿਹੜਾ ਸਾਡੇ ਤੇ ਰਾਜ ਕਰਦਾ ਹੈ ਨਾ ਕਿ ਮਨੁੱਖ। ਹੁਣ ਇਕ ਪੁਰਖ ਪਤੀ ਦੇ ਤੌਰ ਤੇ ਪਤਨੀ ਦਾ ਸਿਰ ਹੈ। ਉਹ ਉਹਦੇ ਤੇ ਹਕੂਮਤ ਕਰਦਾ ਹੈ। ਪਰੰਤੂ ਕਲੀਸੀਯਾ ਵੀ ਇੱਕ ਔਰਤ ਹੈ ਤੇ ਉਹਦਾ ਹੁਕਮਰਾਨ ਬਚਨ ਹੈ। ਪ੍ਰਭੂ ਯਿਸੂ ਬਚਨ ਹੈ। ਜੇ ਉਹ ਬਚਨ ਦਾ ਇਨਕਾਰ ਕਰਦੀ ਹੈ ਤੇ ਕਿਸੇ ਹੋਰ ਸਿਰ ਹੇਠ ਜਾਂਦੀ ਨੂੰ ਉਹ ਜ਼ਨਾਹ-ਕਾਰ ਹੋਈ। ਹੁਣ ਤੁਸੀਂ ਮੈਨੂੰ ਇਕ ਹੀ ਕਲੀਸੀਯਾ ਨਾਂ ਦਸੋ ਜਿਸ ਨੇ ਪਰਮੇਸ਼ੁਰ ਦੇ ਬਚਨ ਨੂੰ ਮਨੁੱਖੀ ਰੀਤਾਂ ਤੇ ਅਕੀਦਿਆਂ ਦੇ ਲਈ ਨਹੀਂ ਰੱਦਿਆ। ਉਹ ਸੱਭੇ ਜ਼ਨਾਹਕਾਰ ਹਨ—ਜੇਸੀ ਮਾਂ ਤੇਸੀ ਧੀਅ।

ਇਸ ਕੰਜਰੀ ਮਾਂ ਤੇ ਉਹਦੇ ਬਾਲਕਾਂ ਦੀ ਕੀ ਸਜਾ ਹੋਵੇਗੀ? ਸੱਚ, ਇਹ ਦੋ ਕਿਸਮੀ ਹੋਵੇਗੀ। ਪਹਿਲੀ ਗੱਲ, ਉਸ ਕਿਹਾ, 'ਵੇਖ ਮੈਂ ਉਸ ਨੂੰ ਇੱਕ ਵਿਛੌਣੇ ਉਤੇ ਸੁੱਟਦਾ ਹਾਂ।" ਆਇਤ 22 ਦੇ ਆਖਰੀ ਹਿੱਸੇ ਦੇ ਮੁਤਾਬਿਕ ਇਹ ਵਿਛੌਣਾ ਬਿਪਤਾ ਦਾ ਹੋਵੇਗਾ ਜਾਂ ਵੱਡੇ ਸਤਾਅ ਦਾ (Great Tribulation) ਠੀਕ ਇਹੀ ਪ੍ਰਭੂ ਯਿਸੂ ਨੇ ਮੱਤੀ 25 : 1-13 ਵਿਚ ਬੋਲਿਆ ਕਿ ਦਸ ਕੁਆਰੀਆਂ ਸਨ। ਪੰਜ ਚਤੁਰ ਤੇ ਪੰਜ ਮੂਰਖ। ਚਤੁਰਾਂ ਕੋਲ ਤੇਲ ਹੈ ਸੀ ਭਾਵ ਪਵਿੱਤਰ ਆਤਮਾ। ਪਰੰਤੂ ਦੂਸਰੀਆਂ ਪੰਜਾਂ ਕੋਲ ਨਹੀਂ ਸੀ। ਜਦ ਸ਼ੋਰ ਪਿਆ, "ਵੇਖੋ, ਲਾੜਾ ਆਉਂਦਾ ਹੈ," ਪੰਜਾਂ ਮੂਰਖਾਂ ਨੂੰ ਤੇਲ ਲਈ ਨੱਸਣਾ ਪਿਆ ਜਦਕਿ ਪੰਜ ਅਕਲਮੰਦ ਕੁਆਰੀਆਂ ਸ਼ਾਦੀ ਵਿਚ ਸ਼ਾਮਲ ਹੋ ਗਈਆਂ। ਪੰਜ ਜਿਹੜੀਆਂ ਬਾਹਰ ਰਹਿ ਗਈਆਂ ਵੱਡੀ ਬਿਪਤਾ ਲਈ ਛੱਡ ਦਿੱਤੀਆਂ ਗਈਆਂ। ਬਸ, ਇਹੀ ਉਹਨਾਂ ਸਭਨਾਂ ਨਾਲ ਬੀਤੇਗਾ ਜਿਹੜੇ ਹੱਵਾ ਵਿਚ ਉਠਾਏ ਨਾ ਜਾਣਗੇ। ਤਦ ਇਹ ਬਿਪਤਾ ਉਸ ਕੰਜਰੀ ਮਾਂ ਤੇ ਉਹਦੀਆਂ ਧੀਆਂ ਉੱਤੇ ਆਣ ਪੈਣਗੀਆਂ। ਦੂਸਰੀ ਗੱਲ, ਦਸਿਆ ਗਿਆ ਹੈ ਕਿ ਉਹ ਉਹਦੇ ਬਾਲਕਾਂ ਨੂੰ ਮੌਤ ਨਾਲ ਮਾਰੇਗਾ ਜਾਂ ਸਿਧੇ ਸ਼ਬਦਾਂ ਵਿਚ, "ਉਹਨਾਂ ਬਾਲਕਾਂ ਦੀ ਮੌਤ ਨਾਲ ਮੌਤ ਕੀਤੀ ਜਾਵੇ।" ਇਹ ਅਜੀਬ ਹੀ ਕਹਿਣਾ ਹੈ। ਅਸੀਂ ਇਹ ਤਾਂ ਕਹਿ ਸਕਦੇ ਹਾਂ, "ਇਕ ਆਦਮੀ ਨੂੰ ਫਾਂਸੀ ਦੇ ਕੇ ਮਾਰਿਆ ਜਾਵੇ, ਜਾਂ ਬਿਜਲੀ ਲਾ ਕੇ ਜਾਂ ਕਿਸੇ ਹੋਰ ਤਰੀਕੇ।" ਪਰ ਇਸ ਆਇਤ ਦਾ ਕਹਿਣਾ ਹੈ, "ਉਹਨਾਂ ਬਾਲਕਾਂ ਨੂੰ ਮੌਤ ਨਾਲ ਮੌਤੇ ਮਾਰਿਆ ਜਾਵੇ।" ਮੌਤ ਹੀ ਉਹਨਾਂ ਦੀ ਮੌਤ ਦਾ ਕਾਰਣ ਹੈ। ਮੈਂ ਚਾਹੁੰਦਾ ਹਾਂ ਤੁਸੀਂ ਚੰਗੀ ਤਰ੍ਹਾਂ ਇਹ ਨੂੰ ਸਮਝ ਲਵੋ ਤਾਂ ਜੋ ਮੈਂ ਫੇਰ ਆਪਣੇ ਪਰਕਾਸ਼ ਨੂੰ ਲਵਾਂ ਈਜ਼ਬਲ ਦੀ ਧੀਅ ਦੀ ਸ਼ਾਦੀ ਨੂੰ ਜੋ ਯਹੂ-ਦਾਹ ਦੇ ਘਰਾਣੇ ਵਿਚ ਹੋਈ ਤੇ ਉਹਨੂੰ ਸਿਧਾ ਬੁੱਤ ਪ੍ਰਸਤੀ ਵਿਚ ਧੂਹ ਕੇ ਲੈ ਗਈ ਤੇ ਪਰਮੇਸ਼ੁਰ ਨੂੰ ਮਜਬੂਰ ਕੀਤਾ ਭਈ ਉਹ ਯਹੂਦਾਹ ਨੂੰ ਵੀ ਮੌਤ ਦੇ ਹਵਾਲੇ ਕਰੇ। ਬਲਿਆਮ ਨਬੀ ਨੇ ਵੀ ਇਹੀ ਕੁਝ ਕੀਤਾ ਸੀ। ਇਧਰ ਈਜ਼ਬਲ ਆਪਣੀ ਬੁੱਤ ਪ੍ਰਸਤੀ ਸਮੇਤ ਸੀ। ਉਧਰ ਯਹੂਦਾਹ ਠੀਕ ਢੰਗ ਨਾਲ ਪਰਮੇਸ਼ੁਰ ਦੀ ਭਗਤੀ ਕਰ ਰਿਹਾ ਹੈ ਤੇ ਬਚਨ ਹੇਠ ਜੀਅ ਰਿਹਾ ਹੈ। ਅਤੇ ਈਜ਼ਬਲ ਆਪਣੀ ਧੀਅ ਦੀ ਸ਼ਾਦੀ ਯੋਰਾਮ ਨਾਲ ਕਰਦੀ ਹੈ। ਜਿਉਂ ਹੀ ਇਹ ਕਮ ਹੁੰਦਾ ਹੈ ਯੋਰਾਮ ਲੋਕਾਂ ਨੂੰ ਮੂਰਤੀ ਪੂਜਾ ਪਿਛੇ ਲਾ ਲੈਂਦਾ ਹੈ। ਜਿਉਂ ਹੀ ਸ਼ਾਦੀ ਹੋਈ ਯਹੂਦਾਹ ਦੀ ਮੌਤ ਹੋ ਗਈ। ਰੂਹਾਨੀ ਮੌਤ ਆ ਦਾਖਲ ਹੋਈ। ਜਿਉਂ ਹੀ ਰੋਮ ਦੀ ਪਹਿਲੀ ਕਲੀਸਯਾ ਜਥੇਬੰਦ (Organize) ਹੋਈ ਉਹ ਮਰ ਗਈ। ਜੇਸੇ ਹੀ ਲੂਥਰਨ ਮਿਸ਼ਨ ਬਣੀ ਮੌਤ ਦਾਖਲ ਹੋਈ ਤੇ ਉਹ ਵੀ ਮਰ ਗਏ। ਅੰਤ ਵਿਚ ਪੇਂਟੀਕਾਸਟਲ ਵੀ ਅੱਗੇ ਆਏ, ਉਹ ਵੀ ਮਿਸ਼ਨ ਦਾ ਰੂਪ ਧਾਰਨ ਕਰ ਗਏ। ਆਤਮਾ ਉਨ੍ਹਾਂ ਨੂੰ

ਵੀ ਛੱਡ ਗਿਆ, ਬੇਸ਼ੱਕ ਉਹ ਇਹ ਨਹੀਂ ਮੰਨਣਗੇ। ਉਹ ਛੱਡ ਗਿਆ । ਉਹ ਸ਼ਾਦੀ ਮੌਤ ਲਿਆਈ । ਫਿਰ ਪਰਮੇਸ਼ੁਰ ਦੇ ਇੱਕ ਹੋਣ ਬਾਰੇ (Oneness of the God-head) ਪਰਕਾਸ਼ ਆਇਆ । ਉਹ ਵੀ ਜਥੇਬੰਦੀ 'ਚ ਆ ਗਏ ਤੇ ਮਰ ਗਏ । ਫੇਰ ਸੰਨ 1933 ਵਿੱਚ ਉਹੀਓ ਦਰਿਆ ਤੇ ਪਰਮੇ-ਸ਼ੁਰ ਦੀ ਅੱਗ ਡਿੱਗਣ ਦੇ ਬਾਦ ਰੱਬੀ ਚੰਗਿਆਈ ਦੇ ਬੇਦਾਰੀ ਨੇ ਸੰਸਾਰ ਨੂੰ ਘੇਰ ਲਿਆ, ਪਰੰਤੂ ਇਹ ਬੇਦਾਰੀ ਕਦੇ ਵੀ ਕਿਸੇ ਜਥੇਬੰਦ ਮਿਸ਼ਨ ਦੁਆਰਾ ਨਹੀਂ ਆਈ । ਪਰਮੇਸ਼ੁਰ ਪੇਂਟੀਕਾਸਟਲ ਗਰੁੱਪਾਂ ਚੋਂ ਬਾਹਰ ਚਲਾ ਗਿਆ, ਮਿਸ਼ਨਾਂ ਚੋਂ ਬਾਹਰ, ਅਤੇ ਹੁਣ ਜੋ ਵੀ ਉਹ ਭਵਿੱਖ ਵਿੱਚ ਕਰੇਗਾ ਉਹ ਭੀ ਜਥੇਬੰਦ ਮਿਸ਼ਨਾਂ ਤੋਂ ਬਾਹਰ ਹੀ ਕਰੇਗਾ । ਪਰਮੇਸ਼ੁਰ ਮੁਰਦੇ ਚੋਂ ਦੀ ਕੰਮ ਨਹੀਂ ਕਰੇਗਾ । ਉਹ ਕੇਵਲ ਜੀਉਂਦੇ ਮੈਂਬਰਾਂ ਚੋਂ ਦੀ ਕੰਮ ਕਰਦਾ ਹੈ । ਉਹ ਜੀਉਂਦੇ ਮੈਂਬਰ ਬਾਬੁਲ ਚੋਂ ਬਾਹਰ ਹਨ ।

ਸੋ ਤੁਸੀਂ ਵੇਖਦੇ ਹੋ, "ਮੌਤ" ਜਾਂ "ਜਥੇਬੰਦੀ" ਆਈ ਤੇ ਕਲੀਸੀਯਾ ਮਰ ਗਈ, ਜਾਂ ਫਿਰ ਸਿੱਧੇ ਸ਼ਬਦਾਂ 'ਚ ਇੰਝ ਕਹਿ ਲਓ ਕਿ ਜਿੱਥੇ ਥੋੜਾ ਚਿਰ ਪਹਿਲਾਂ ਜੀਵਨ ਦਾ ਰਾਜ ਸੀ, ਮੌਤ ਆ ਵੱਸੀ । ਜਿਵੇਂ ਪਹਿਲੀ ਹੱਵਾਹ ਮਨੁੱਖਤਾ ਲਈ ਮੌਤ ਲਿਆਈ ਉਸੇ ਤਰ੍ਹਾਂ ਹੁਣ ਜਥੇਬੰਦੀ ਵੀ ਮੌਤ ਲਿਆਈ ਕਿਉਂ ਜੋ ਇਹ ਜਥੇਬੰਦੀ ਨਿੱਕੁਲਾਈਆਂ ਅਤੇ ਬਲਿਆਮ ਦੀਆਂ ਸਿੱਖਿਆਵਾਂ ਦੀ ਦੋਹਰੀ ਬਦੀ ਦਾ ਮਿਲਾਪ ਹੈ ਜੋ ਝੂਠੀ ਨਬੀਆ ਈਜ਼ਬਲ ਦੁਆਰਾ ਚਾਲੂ ਹੋਈ । ਚਾਹੀਦਾ ਤਾਂ ਇਹ ਸੀ ਭਈ ਹੱਵਾਹ ਸੱਪ ਦੇ ਨਾਲ ਹੀ ਆਪਣੇ ਭਿਆਨਕ ਪਾਪ ਦੇ ਕਾਰਣ ਜਲਾਈ ਜਾਂਦੀ । ਪਰੰਤੂ ਆਦਮ ਦਰਮਿਆਨ ਆ ਖੜਾ ਹੋਇਆ ਅਤੇ ਛਾਤੀ ਨਾਲ ਉਹਨੂੰ ਆਪਣੇ ਨਾਲ ਲਾ ਲਿਆ ਅਤੇ ਉਹ ਬਚ ਗਈ । ਪਰ ਜਦ ਇਹ ਸ਼ੈਤਾਨੀ ਧਰਮ ਆਪਣੇ ਜੁੱਗਾਂ ਦੇ ਰਸਤੇ ਆਖੀਰ ਤੇ ਪਹੁੰਚ ਜਾਵੇਗਾ, ਫਿਰ ਇਹਦੇ ਵਿਚਾਲੇ ਕੋਈ ਵੀ ਖੜਾ ਹੋਣ ਵਾਲਾ ਨਹੀਂ ਹੋਵੇਗਾ, ਅਤੇ ਇਹ ਹੱਵਾਹ ਰੂਪੀ ਕਲੀਸੀਯਾ ਆਪਣੇ ਭਰਮਾਉਣ ਵਾਲਿਆਂ ਸਮੇਤ ਫੂਕ ਦਿੱਤੀ ਜਾਵੇਗੀ, ਕਿਉਂਜੋ ਕੰਜਰੀ ਮਾਂ ਅਤੇ ਉਹਦੇ ਬਾਲਕ ਅਤੇ ਮਸੀਹ-ਮੁਖਾਲਫ ਅਤੇ ਸ਼ੈਤਾਨ ਸੱਭੇ ਆਪਣਾ ਹਿੱਸਾ ਓਸ ਅੱਗ ਦੀ ਝੀਲ ਵਿੱਚ ਪਾਉਣਗੇ ।

ਹੁਣ ਇਥੇ ਮੈਂ ਅੱਗੇ ਜਾ ਰਿਹਾ ਹਾਂ ਅਤੇ ਚਾਹੀਦਾ ਤਾਂ ਸੀ ਭਈ ਆਖਰੀ ਜੁੱਗ ਦੇ ਸੰਦੇਸ਼ ਲਈ ਇਹਨੂੰ ਰੱਖ ਲੈਂਦਾ, ਪਰ ਇਹ ਠੀਕ ਹੀ ਜਾਪਦਾ ਹੈ ਮੈਂ ਹੁਣ ਉਹ ਇਸ ਅੰਦਰ ਸ਼ਾਮਲ ਕਰ ਦਿਆਂ ਕਿਉਂਜੋ ਇਹ ਮਿਸ਼ਨਾਂ ਨਾਲ ਸਾਫ ਨਿਪਟਦਾ ਹੈ ਅਤੇ ਇਹਨਾਂ ਰਾਹੀਂ ਅੱਗੇ ਕੀ ਹੋਵੇਗਾ । ਅਤੇ ਮੈਂ ਤੁਹਾਨੂੰ ਚਿਤਾਵਨੀ ਦੇਣੀ ਚਾਹੁੰਦਾ ਹਾਂ ।

# ਦੋ ਦਰਿੰਦੇ

ਪਰਕਾਸ਼ ਪੋਥੀ 13:1-18, "ਮੈਂ ਇੱਕ ਦਰਿੰਦ ਨੂੰ ਸਮੁੰਦਰ ਵਿੱਚੋਂ ਨਿਕਲਦਿਆਂ ਡਿੱਠਾ ਜਿਹਦੇ ਦਸ ਸਿੰਗ ਅਤੇ ਸੱਤ ਸਿਰ ਸਨ । ਉਹਦਿਆਂ ਸਿੰਗਾਂ ਉੱਤੇ ਦਸ ਮੁਕਟ ਅਤੇ ਉਹਦਿਆਂ ਸਿਰਾਂ ਉੱਤੇ ਕੁਫਰ ਦੇ ਨਾਉਂ ਸਨ ਅਤੇ ਜਿਹੜਾ ਦਰਿੰਦਾ ਮੈਂ ਡਿੱਠਾ ਉਹ ਚਿੱਤੇ ਵਰਗਾ ਸੀ ਅਤੇ ਉਹ ਦੇ ਪੈਰ ਰਿੱਛ ਦਿਆਂ ਪੈਰਾਂ ਜਿਹੇ ਸਨ ਅਤੇ ਉਹਦਾ ਮੂੰਹ ਬੱਬਰ ਸ਼ੇਰ ਦੇ ਮੂੰਹ ਜਿਹਾ ਸੀ, ਅਤੇ ਅਜਗਰ ਨੇ ਆਪਣੀ ਸਮਰੱਥਾ ਅਤੇ ਆਪਣੀ ਗੱਦੀ ਅਤੇ ਵੱਡਾ ਇਖਤਿਆਰ ਉਹਨੂੰ ਦੇ ਦਿੱਤਾ । ਮੈਂ ਉਹ ਦਿਆਂ ਸਿਰਾਂ ਵਿੱਚੋਂ ਇੱਕ ਨੂੰ ਜਿਵੇਂ ਮੌਤ ਦਾ ਘਾਉ ਲੱਗਾ ਹੋਇਆ ਵੇਖਿਆ ਅਤੇ ਉਹਦੀ ਕਾਰੀ ਸੱਟ ਚੰਗੀ ਹੋ ਗਈ ਅਤੇ ਸਾਰਾ ਸੰਸਾਰ ਓਸ ਦਰਿੰਦੇ ਦੇ ਪਿੱਛੇ ਹੱਕਾ ਬੱਕਾ ਹੋ ਕੇ ਤੁਰ ਪਿਆ । ਅਤੇ ਉਹਨਾਂ ਨੇ ਅਜਗਰ ਨੂੰ ਮੱਥਾ ਟੇਕਿਆ ਇਸ ਲਈ ਜੋ ਉਸ ਨੇ ਓਸ ਦਰਿੰਦੇ ਨੂੰ ਆਪਣਾ ਇਖ਼ਤਿਆਰ

ਦਿੱਤਾ ਸੀ ਨਾਲੇ ਉਹਨਾਂ ਨੇ ਓਸ ਦਰਿੰਦੇ ਨੂੰ ਮੱਥਾ ਟੇਕਿਆ ਅਤੇ ਆਖਿਆ ਭਈ ਇਸ ਦਰਿੰਦੇ ਦੇ ਤੁੱਲ ਕੌਣ ਹੈ ਅਤੇ ਕੌਣ ਇਹਦੇ ਨਾਲ ਲੜ ਸਕਦਾ ਹੈ ? ਵੱਡਾ ਬੋਲ ਬੋਲਣ ਵਾਲਾ ਅਤੇ ਕੁਫਰ ਬਕਣ ਵਾਲਾ ਮੂੰਹ ਉਹਨੂੰ ਦਿੱਤਾ ਗਿਆ ਅਤੇ ਉਹਨੂੰ ਇਹ ਇਖ਼ਤਿਆਰ ਦਿੱਤਾ ਗਿਆ ਭਈ ਬਤਾਲੀਆਂ ਮਹੀਨਿਆਂ ਤੀਕੁਰ ਆਪਣਾ ਕੰਮ ਕਰੀ ਜਾਵੇ । ਉਹਨੇ ਪਰਮੇਸ਼ੁਰ ਦੇ ਵਿਰੁੱਧ ਕੁਫਰ ਬਕਣ ਨੂੰ ਆਪਣਾ ਮੂੰਹ ਅੱਡਿਆ ਭਈ ਉਸ ਦੇ ਨਾਮ ਅਤੇ ਉਸ ਦੇ ਡੇਰੇ ਉੱਤੇ ਅਰਥਾਤ ਉਨ੍ਹਾਂ ਉੱਤੇ ਜਿਹੜੇ ਸੁਰਗ ਵਿੱਚ ਵਸਦੇ ਹਨ ਕੁਫਰ ਬਕੇ । ਅਤੇ ਉਹਨੂੰ ਇਹ ਦਿੱਤਾ ਗਿਆ ਭਈ ਸੰਤਾਂ ਨਾਲ ਯੁੱਧ ਕਰੇ ਅਤੇ ਉਹਨਾਂ ਨੂੰ ਜਿੱਤ ਲਵੇ, ਅਤੇ ਹਰੇਕ ਗੋਤ, ਉੱਮਤ, ਭਾਖਿਆ ਅਤੇ ਕੌਮ ਉੱਤੇ ਉਹ ਨੂੰ ਇਖ਼ਤਿਆਰ ਦਿੱਤਾ ਗਿਆ । ਅਤੇ ਧਰਤੀ ਦੇ ਸੱਭੇ ਵਾਸੀ ਉਹਨੂੰ ਮੱਥਾ ਟੇਕਣਗੇ ਅਰਥਾਤ ਹਰੇਕ ਜਿਹਦਾ ਨਾਉਂ ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ । ਜੇ ਕਿਸੇ ਦੇ ਕੰਨ ਹੋਣ ਤਾਂ ਸੁਣੇ । ਜੇ ਕਿਸੇ ਨੇ ਅਸੀਰੀ ਵਿੱਚ ਜਾਣਾ ਹੋਵੇ, ਤਾਂ ਉਹ ਅਸੀਰੀ ਵਿੱਚ ਜਾਵੇਗਾ । ਜੇ ਕੋਈ ਤਲਵਾਰ ਨਾਲ ਵੱਢੇ, ਤਾਂ ਜ਼ਰੂਰ ਹੈ ਭਈ ਉਹ ਤਲਵਾਰ ਨਾਲ ਵੱਢਿਆ ਜਾਵੇ । ਏਹ ਸੰਤਾਂ ਦੇ ਸਬਰ ਅਤੇ ਨਿਹਚਾ ਦਾ ਮੌਕਾ ਹੈ ।

ਮੈਂ ਇੱਕ ਹੋਰ ਦਰਿੰਦੇ ਨੂੰ ਧਰਤੀ ਵਿਚੋਂ ਨਿਕਲਦਿਆਂ ਡਿੱਠਾ ਅਤੇ ਇੱਕ ਲੇਲੇ ਜਿਹੇ ਉਹਦੇ ਦੋ ਸਿੰਗ ਸਨ ਅਤੇ ਅਜਗਰ ਵਾਂਗਰ ਉਹ ਬੋਲਦਾ ਸੀ । ਅਤੇ ਉਹ ਉਸ ਪਹਿਲੇ ਦਰਿੰਦੇ ਦੇ ਸਾਹਮਣੇ ਉਸ ਦਾ ਸਾਰਾ ਇਖਤਿਆਰ ਵਰਤਦਾ ਹੈ ਅਤੇ ਧਰਤੀ ਅਤੇ ਉਹਦੇ ਵਾਸੀਆਂ ਕੋਲੋਂ ਉਸ ਪਹਿਲੇ ਦਰਿੰਦੇ ਨੂੰ ਮੱਥਾ ਟਿਕਾਉਂਦਾ ਹੈ ਜਿਹਦੀ ਕਾਰੀ ਸੱਟ ਚੰਗੀ ਹੋ ਗਈ ਸੀ । ਅਤੇ ਉਹ ਵੱਡੀਆਂ ਨਿਸ਼ਾਨੀਆਂ ਭੀ ਵਿਖਾਉਂਦਾ ਹੈ ਐਥੋ ਤੋੜੀ ਭਈ ਮਨੁੱਖਾਂ ਦੇ ਸਾਹਮਣੇ ਅਕਾਸ਼ੋਂ ਧਰਤੀ ਉੱਤੇ ਅੱਗ ਭੀ ਵਰਸਾਉਂਦਾ ਹੈ । ਅਤੇ ਉਨ੍ਹਾਂ ਨਿਸ਼ਾਨੀਆਂ ਦੇ ਕਾਰਨ ਜੋ ਓਸ ਦਰਿੰਦੇ ਦੇ ਸਾਹਮਣੇ ਵਿਖਾਉਣ ਦਾ ਉਹਨੂੰ ਇਖ਼ਤਿਆਰ ਦਿੱਤਾ ਗਿਆ ਸੀ ਉਹ ਧਰਤੀ ਦੇ ਵਾਸੀਆਂ ਨੂੰ ਭਰਮਾਉਂਦਾ ਹੈ ਅਤੇ ਧਰਤੀ ਦੇ ਵਾਸੀਆਂ ਨੂੰ ਆਖਦਾ ਹੈ ਭਈ ਓਸ ਦਰਿੰਦੇ ਦੀ ਮੂਰਤ ਬਣਾਓ ਜਿਹਨੂੰ ਤਲਵਾਰ ਦੀ ਸੱਟ ਵੱਜੀ ਅਤੇ ਉਹ ਜੀਉਂਦਾ ਰਿਹਾ । ਉਹਨੂੰ ਇਹ ਵੀ ਦਿੱਤਾ ਗਿਆ ਭਈ ਓਸ ਦਰਿੰਦੇ ਦੀ ਮੂਰਤ ਵਿੱਚ ਸੁਆਸ ਪਾ ਦੇਵੇ ਤਾਂ ਜੋ ਓਸ ਦਰਿੰਦੇ ਦੀ ਮੂਰਤੀ ਬੋਲੇ ਨਾਲੇ ਜਿੰਨੇ ਦਰਿੰਦੇ ਦੀ ਮੂਰਤੀ ਦੀ ਪੂਜਾ ਨਾ ਕਰਨ ਓਹ ਵੱਢੇ ਜਾਣ । ਅਤੇ ਉਹ ਸਭਨਾਂ ਛੋਟਿਆਂ, ਵੱਡਿਆਂ, ਧਨੀਆਂ, ਗਰੀਬਾਂ, ਅਜ਼ਾਦਾਂ ਅਤੇ ਗੁਲਾਮਾਂ ਨੂੰ ਉਹਨਾਂ ਦੇ ਸੱਜੇ ਹੱਥ ਉੱਤੇ ਅਥਵਾ ਉਹਨਾਂ ਦੇ ਮੱਥੇ ਉੱਤੇ ਦਾਗ ਦੁਆ ਦਿੰਦਾ ਹੈ । ਅਤੇ ਕਿਸੇ ਨੂੰ ਲੈਣ ਦੇਣ ਨਹੀਂ ਕਰਨ ਦਿੰਦਾ ਪਰ ਨਿਰਾ ਉਹਨੂੰ ਜਿਹਦੇ ਉੱਤੇ ਉਹ ਦਾਗ ਅਰਥਾਤ ਦਰਿੰਦੇ ਦਾ ਨਾਉਂ ਯਾ ਉਹਦੇ ਨਾਉਂ ਦਾ ਅੰਕ ਲੱਗਾ ਹੋਵੇ । ਇਹ ਗਿਆਨ ਦਾ ਮੌਕਾ ਹੈ ! ਜਿਹਨੂੰ ਬੁੱਧ ਹੈ ਉਹ ਉਸ ਦਰਿੰਦੇ ਦੇ ਅੰਕ ਗਿਣ ਲਵੇ । ਉਹ ਮਨੁੱਖਾਂ ਦਾ ਅੰਕ ਹੈ ਅਤੇ ਉਹਦਾ ਅੰਕ 666 ਹੈ ।"

ਇਹ ਕਾਂਡ ਰੋਮਨ ਕੈਥੋਲਿਕ ਕਲੀਸੀਯਾ ਦੀ ਸ਼ਕਤੀ ਨੂੰ ਦਰਸਾਉਂਦਾ ਹੈ ਅਤੇ ਉਹ ਜਥੇਬੰਦੀ (Organization) ਵਿੱਚੋਂ ਦੀ ਕੀ ਕਰੇਗੀ । ਯਾਦ ਰਹੇ ਇਹ ਝੂਠੀ ਬੋਲ ਹੈ । ਬੇਸ਼ੱਕ ਇਹ ਪ੍ਰਭੂ ਦਾ ਨਾਮ ਧਿਆਏ, ਐਸਾ ਇਹ ਕੇਵਲ ਮਕਾਰੀ ਵਿੱਚ ਹੀ ਕਰਦੀ ਹੈ । ਇਹਦੀ ਸਰਦਾਰੀ (Headship) ਪ੍ਰਭੂ ਵੱਲੋਂ ਨਹੀਂ ਹੈ ਪਰ ਸ਼ੈਤਾਨ ਤੋਂ ਹੈ । ਓੜਕ ਨੂੰ ਇਹ ਪੂਰਨ ਤੌਰ ਤੇ

ਦਰਿੰਦੇ ਨਾਲ ਪਛਾਣੀ ਜਾਵੇਗੀ। ਕੰਜਰੀ ਜਿਹੜੀ ਕਿਰਮਚੀ ਰੰਗ ਦੇ ਦਰਿੰਦੇ ਤੇ ਸਵਾਰ ਹੈ ਸਾਫ ਵਿਖਾਉਂਦੀ ਹੈ ਕਿ ਉਹਦੀ ਸ਼ਕਤੀ ਸ਼ੈਤਾਨ ਦਿੱਤਾ ਹੈ ਨਾ ਕਿ ਸਾਡੇ ਖੁਦਾ ਪ੍ਰਭੂ ਯਿਸੂ ਮਸੀਹ ਹੈ।

17ਵੀਂ ਆਇਤ ਸਾਫ ਪ੍ਰਗਟ ਹੈ ਕਿ ਉਹ ਧਰਤੀ ਦੇ ਸਾਰੇ ਬਪਾਰ ਅਪਣੇ ਵੱਸ ਵਿਚ ਕਰ ਲਵੇਗੀ। ਇਸ ਲਈ ਉਸ ਤੋਂ ਬਿਨਾਂ ਕੋਈ ਮਨੁੱਖ ਲੈਣ, ਦੇਣ ਨਹੀਂ ਕਰ ਸਕੇਗਾ। ਇਹ ਦਾ ਵਰਣਨ ਪ੍ਰਕਾਸ ਪੋਥੀ 17:9-17 ਵਿਚ ਵੀ ਕੀਤਾ ਗਿਆ ਹੈ। ਜਿਥੇ ਉਹਦੇ ਸਬੰਧ ਪਾਤਸਾਹਾਂ ਰਾਜ ਕੁਮਾਰਾਂ, ਅਤੇ ਬਪਾਰੀਆਂ ਅਤੇ ਤੁਹਨਾਂ ਸਭਨਾ ਨਾਲ ਵਿਖਾਏ ਗਏ ਹਨ। ਜਿਹਨਾਂ ਦਾ ਵਾਸਤਾ ਰੋਮ ਅਤੇ ਉਸ ਦੇ ਬਪਾਰ ਨਾਲ ਹੈ।

ਪਰਕਾਸ਼ ਪੋਥੀ 13 : 14 'ਚ ਅਸੀਂ ਸਿੱਖਦੇ ਹਾਂ ਕਿ ਦਰਿੰਦਾ ਉਸ ਬੁੱਤ ਵਿਚੋਂ ਵੀ ਆਪਣਾ ਪ੍ਰਭਾਵ ਫੈਲਾਉਂਦਾ ਹੈ ਜਿਹੜਾ ਉਹਦੇ ਲਈ ਤਿਆਰ ਕੀਤਾ ਗਿਆ ਸੀ। ਬੁੱਤ ਜਿਹੜਾ ਬਣਾਇਆ ਗਿਆ ਇਹ ਸੰਸਾਰ ਭਰ ਦੀ ਇਕਯੁਮਨੀਕਲ ਕੋਂਸਿਲ (Ecumenical Council) ਹੈ ਭਾਵ ਸਾਰੀਆਂ ਮਿਸਨਾਂ ਦਾ ਗਠਜੋੜ, ਜਿਹ ਦੇ ਅੰਦਰ ਸਾਰੀਆਂ ਜਥੇਬੰਦ ਮਿਸ਼ਨਾਂ ਰੋਮਨ ਕੈਥੋਲਿਕ ਨਾਲ ਮਿਲ ਜਾਣਗੀਆਂ (ਉਹ ਇਹ ਹੁਣ ਵੀ ਕਰ ਰਹੇ ਹਨ)। ਇਹ ਸੰਭਵ ਹੈ ਇਹ ਏਕਤਾ (Union) ਇਸ ਲਈ ਹੋਏ ਕਿ ਕੌਮੂਨਿਸਟਵਾਦ ਦੀ ਸ਼ਕਤੀ ਨੂੰ ਠੱਲ੍ਹ ਪਾਈ ਜਾਵੇ। ਪਰ ਕਿਉਂਜੋ ਕੋਮੂਨਿਸਟਵਾਦ ਵੀ ਨਬੂਕਨਸਰ ਰਾਜਾ ਦੀ ਤਰ੍ਹਾਂ ਹੀ ਖੜਾ ਕੀਤਾ ਗਿਆ ਹੈ ਭਈ ਕੰਜਰੀ ਦਾ ਮਾਸ ਸਾੜੇ, ਰੋਮ ਲੈ ਲਿਆ ਜਾਵੇਗਾ ਤੇ ਨਾਸ ਕੀਤਾ ਜਾਵੇਗਾ। ਨੋਟ ਕਰੋ ਰੋਮੀ ਕਲੀਸੀਯਾ ਜਿਥੇ ਵੀ ਗਈ, ਕੌਮੂਨਿਸਟਵਾਦ ਨੇ ਪਿੱਛਾ ਕੀਤਾ। ਇਹ ਏਸੇ ਤਰ੍ਹਾਂ ਹੋਣਾ ਚਾਹੀਦਾ ਏ। ਤੇ ਹੁਣ ਮੈਂ ਤੁਹਾਨੂੰ ਚਿਤਾਵਨੀ ਦਿੰਦਾ ਹਾਂ, ਮੱਤ ਸੋਚਣ ਲਗ ਜਾਓ ਭਈ ਕੌਮੂਨਿਸਟਵਾਦ ਹੀ ਕੇਵਲ ਤਹਾਡਾ ਦੁਸ਼ਮਣ ਹੈ। ਨਹੀਂ ਸ੍ਰੀਮਾਨ ਜੀ। ਇਹ ਕੈਥੋਲਿਕ ਕਲੀਸੀਯਾ ਭੀ ਹੈ, ਅਤੇ ਉਸ ਨਾਲੋਂ ਵੀ ਭਿਆਨਕ।

ਹੁਣ ਆਓ ਪਰਕਾਸ਼ ਪੋਥੀ 13 : 1-4 ਪੜ੍ਹੀਏ, ਅਤੇ ਇਹ ਦੀ ਤੁਲਨਾ ਪਰਕਾਸ਼ ਪੋਥੀ 12 : 1-5 ਨਾਲ ਕਰੀਏ। "ਅਤੇ ਮੈਂ ਸਮੁੰਦਰ ਦੇ ਰਤੇ ਤੇ ਖਲੋਤਾ ਸੀ, ਅਤੇ ਮੈਂ ਇਕ ਦਰਿੰਦੇ ਨੂੰ ਸਮੁੰਦਰ ਵਿਚੋਂ ਨਿਕਲਦਿਆਂ ਡਿੱਠਾ ਜਿਹ ਦੇ ਦਸ ਸਿੰਗ ਅਤੇ ਸੱਤ ਸਿਰ ਸਨ। ਉਹਦਿਆਂ ਸਿੰਗਾਂ ਉੱਤੇ ਦਸ ਮੁਕਟ ਅਤੇ ਉਹਦਿਆਂ ਸਿਰਾਂ ਉੱਤੇ ਕੁਫਰ ਦੇ ਨਾਉਂ ਸਨ। ਅਤੇ ਜਿਹੜਾ ਦਰਿੰਦਾ ਮੈਂ ਡਿੱਠਾ ਉਹ ਚਿੱਤੇ ਵਰਗਾ ਸੀ ਅਤੇ ਉਹ ਦੇ ਪੈਰ ਰਿੱਛ ਦਿਆਂ ਪੈਰਾਂ ਜਿਹੇ ਸਨ ਅਤੇ ਅਜਗਰ (Dragon) ਨੇ ਆਪਣੀ ਸਮਰੱਥਾ ਅਤੇ ਆਪਣੀ ਗੱਦੀ ਅਤੇ ਵੱਡਾ ਇਖਤਿਆਰ ਉਹ ਨੂੰ ਦੇ ਦਿੱਤਾ। ਮੈਂ ਉਹਦਿਆਂ ਸਿਰਾਂ ਵਿਚੋਂ ਇਕ ਨੂੰ ਜਿਵੇਂ ਮੌਤ ਦਾ ਘਾਉ ਲੱਗਾ ਹੋਇਆ ਵੇਖਿਆ ਅਤੇ ਉਹ ਦੀ ਉਹ ਕਾਰੀ ਸੱਟ ਚੰਗੀ ਹੋ ਗਈ ਅਤੇ ਸਾਰਾ ਸੰਸਾਰ ਓਸ ਦਰਿੰਦੇ ਦੇ ਪਿੱਛੇ ਹੱਕਾ ਬੱਕਾ ਹੋ ਕੇ ਤੁਰ ਪਿਆ। ਅਤੇ ਉਹਨਾਂ ਨੇ ਅਜਗਰ ਨੂੰ ਮੱਥਾ ਟੇਕਿਆ ਇਸ ਲਈ ਜੋ ਉਸ ਨੇ ਓਸ ਦਰਿੰਦੇ ਨੂੰ ਆਪਣਾ ਇਖਤਿਆਰ ਦਿੱਤਾ ਸੀ ਨਾਲੇ ਓਹਨਾਂ ਨ ਓਸ ਦਰਿੰਦੇ ਨੂੰ ਮੱਥਾ ਟੇਕਿਆ ਅਤੇ ਆਖਿਆ ਭਈ ਇਸ ਦਰਿੰਦੇ ਦੇ ਤੁੱਲ ਕੌਣ ਹੈ ਅਤੇ ਕੌਣ ਇਹ ਦੇ ਨਾਲ ਲੜ ਸਕਦਾ ਹੈ?" ਪਰਕਾਸ਼ ਪੋਥੀ 12 : 1-5, "ਅਤੇ ਅਕਾਸ਼ ਉੱਤੇ ਇਕ ਵੱਡਾ ਨਿਸ਼ਾਨ ਦਿੱਸਿਆ ਅਰਥਾਤ ਇਕ ਇਸਤ੍ਰੀ ਜਿਹੜੀ ਸੂਰਜ ਪਹਿਨੀ ਹੋਈ ਸੀ ਅਤੇ ਚੰਦਰਮਾ ਉਹਦੇ ਪੈਰਾਂ ਹੇਠ ਅਤੇ ਬਾਰਾਂ ਤਾਰਿਆਂ

ਦਾ ਮੁਕਟ ਉਹ ਦੇ ਸਿਰ ਉੱਤੇ ਸੀ। ਉਹ ਗਰਭਵੰਤੀ ਸੀ ਅਤੇ ਜਣਨ ਦੇ ਦੁੱਖ ਅਤੇ ਪੀੜਾਂ ਲੱਗਣ ਕਰਕੇ ਚੀਕਾਂ ਮਾਰਦੀ ਸੀ। ਅਤੇ ਅਕਾਸ਼ ਉੱਤੋਂ ਇਕ ਹੋਰ ਨਿਸ਼ਾਨ ਦਿੱਸਿਆ ਅਤੇ ਵੇਖੋ, ਇਕ ਵੱਡਾ ਭਾਗ ਲਾਲ ਅਜਗਰ ਸੀ ਜਿਹਦੇ ਸੱਤ ਸਿਰ ਅਤੇ ਦਸ ਸਿੰਗ ਸਨ ਅਤੇ ਉਹਦਿਆਂ ਸਿਰਾਂ ਉੱਤੇ ਸੱਤ ਮੁਕਟ। ਅਤੇ ਉਹਦੀ ਪੂਛ ਨੇ ਅਕਾਸ਼ ਦੇ ਤਾਰਿਆਂ ਦੀ ਇਕ ਤਿਹਾਈ ਨੂੰ ਵਲਟ ਕੇ ਖਿੱਚਿਆ ਅਤੇ ਉਹਨਾਂ ਨੂੰ ਧਰਤੀ ਉੱਤੇ ਦੇ ਮਾਰਿਆ, ਅਤੇ ਉਹ ਅਜਗਰ ਓਸ ਇਸਤ੍ਰੀ ਦੇ ਅੱਗੇ ਜਿਹੜੀ ਜਣਨ ਲੱਗੀ ਸੀ ਜਾ ਖਲੋਤਾ ਭਈ ਜਿਸ ਵੇਲੇ ਉਹ ਜਣੇ ਤਾਂ ਉਹ ਦੇ ਬਾਲਕ ਨੂੰ ਭੱਛ ਲਵੇ। ਉਹ ਇੱਕ ਪੁੱਤਰ ਇਕ ਨਰ ਬਾਲ ਜਣੀ ਜਿਹਨੇ ਲੋਹੇ ਦੇ ਡੰਡ ਨਾਲ ਸਭਨਾਂ ਕੌਮਾਂ ਉੱਤੇ ਹਕੂਮਤ ਕਰਨੀ ਹੈ, ਅਤੇ ਉਹਦਾ ਬਾਲਕ ਪਰਮੇਸ਼ੁਰ ਕੋਲ ਅਤੇ ਸਿੰਘਾਸਣ ਕੋਲ ਉਠਾਇਆ ਗਿਆ।"

ਸ਼ਤਾਨ ਅਤੇ ਉਹਦਾ ਸਤਾਨੀ ਧਰਮ ਦੋਨੋ ਹੀ ਇਹਨਾਂ ਦਰਿੰਦਿਆਂ ਵਿੱਚ ਹਨ। ਪਰਕਾਸ਼ ਪੋਥੀ 13 ਵਿੱਚ, ਦਰਿੰਦਾ ਜਿਹਨੂੰ ਮੌਤ ਦਾ ਫੱਟ ਵੱਜਾ ਪਰ ਜੀਉਂਦਾ ਰਿਹਾ ਇਹ ਸ਼ਾਹੀ ਬੁਤ ਪੂਜਕ ਰੋਮ (Imperial Pagan Rome) ਹੈ ਜਿਹੜਾ ਅਸੱਭਿਆ (ਜੰਗਲੀ) ਲੋਕਾਂ ਦੇ ਕਤਲੇਆਮ ਅੱਗੇ ਡਿੱਗ ਪਿਆ ਅਤੇ ਆਪਣੀ ਸੰਸਾਰੀ ਸ਼ਕਤੀ ਗੁਆ ਬੈਠਾ। ਪਰ ਰੋਮੀ ਪੋਪਸ਼ਾਹੀ (Papal Rome) ਸਮੇਂ ਇਸ ਨੇ ਇਹਨੂੰ ਫਿਰ ਪ੍ਰਾਪਤ ਕਰ ਲਿਆ। ਕੀ ਤੁਸੀਂ ਇਹ ਸਮਝ ਰਹੇ ਹੋ ? ਕੌਮ ਜਿਸ ਨੇ ਸਾਰੀਆਂ ਕੌਮਾਂ ਨੂੰ ਚੱਬ ਸੁੱਟਿਆ ਅਤੇ ਸਭਨਾ ਤੋਂ ਵੱਧ ਤਾਕਤਵਾਰ ਪਾਤਸ਼ਾਹੀ ਬਣੀ, ਓੜਕ ਨੂੰ ਮੌਤ ਤਾਈਂ ਫੱਟ ਵੱਜਾ। ਫੌਜੀ ਕੰਟਰੋਲ ਦੇ ਪੱਖੋਂ ਉਹ ਦੀ ਸ਼ਕਤੀ ਜਾਂਦੀ ਰਹੀ। ਪਰੰਤੂ ਕਾਨਸਟਨਟਾਈਨ ਦੇ ਸਮੇਂ ਇਹ ਮੁੜ ਸੁਰਜੀਤ ਹੋ ਗਈ, ਕਿਉਂਜੋ ਪੋਪਸ਼ਾਹੀ ਰੋਮ ਨੇ ਸਾਰੀ ਦੁਨੀਆਂ ਨੂੰ ਛਟਿਆ ਹੈ, ਅਤੇ ਉਹਦੀ ਸ਼ਕਤੀ ਖੁਦਮੁਖਤਿਆਰ ਹੈ। ਉਹ ਰਾਜਿਆਂ ਅਤੇ ਬਪਾਰੀਆਂ ਨੂੰ ਇਸਤਾਮਾਲ ਕਰਦੀ ਹੈ ਅਤੇ ਆਪਣੀ ਧਾਰਮਿਕ ਤੇ ਦੌਲਤ ਦੀ ਮਾਰੂ ਸ਼ਕਤੀ ਵਿੱਚ ਉਹ ਇਸ ਵਰਤਮਾਨ ਜੁੱਗ ਦੀ ਦੇਵੀ ਰਪ ਵਿੱਚ ਹਕੂਮਤ ਕਰ ਰਹੀ ਹੈ। ਨਾਲੇ ਉਹ ਅਜਗਰ ਵੀ ਹੈ ਜਿਹੜਾ ਨਰ ਬਾਲ ਨੂੰ ਭੱਛ ਲੈਣ ਲਈ ਖੜਾ ਸੀ। ਹੇਰੋਦੀਸ ਨੇ ਪ੍ਰਭੂ ਯਿਸੂ ਨੂੰ ਮਾਰ ਦਣ ਦਾ ਜਤਨ ਕੀਤਾ ਪਰ ਅਸਫਲ ਰਿਹਾ। ਬਾਦ ਵਿੱਚ ਯਿਸੂ ਨੂੰ ਰੋਮੀ ਸਿਪਾਹੀਆਂ ਹੀ ਸੂਲੀ ਚਾੜ੍ਹਿਆ, ਪਰੰਤੂ ਹੁਣ ਉਹ ਸਿੰਘਾਸਣ ਤੀਕੁਰ ਉਠਾਇਆ ਗਿਆ ਹੈ।

ਹੁਣ ਇਹਦੇ ਨਾਲ ਹੀ ਜੋ ਮੈਂ ਬੋਲਿਆ ਹੈ, ਦਾਨੀਏਲ ਦੀ ਰੋਇਆ ਨੂੰ ਚੇਤੇ ਕਰੋ। ਬੁੱਤ ਦਾ ਆਖਰੀ ਹਿੱਸਾ, ਆਖਰੀ ਸੰਸਾਰ ਬਾਦ 'ਹਾ ਪੈਰਾਂ ਵਿੱਚ ਸੀ ਉਹ ਲੋਹੇ ਤੇ ਮਿੱਟੀ ਦੀ ਸੀ। ਵੇਖ ਲੋਹਾ ਰੋਮੀ ਬਾਦਸ਼ਾਹੀ ਹੈ। ਪਰ ਹੁਣ ਇਹ ਖਾਲਸ ਲੋਹ ਨਹੀਂ ਰਹੀ। ਮਿੱਟੀ ਇਸ ਵਿੱਚ ਮਿਲ ਚੁਕੀ ਹੈ। ਫਿਰ ਵੀ ਇਹ ਹੈਗੀ ਆ ਅਤੇ ਸੰਸਾਰ ਦੇ ਦੋਨਾਂ ਹੀ ਪਰਜਾਤੰਤਰ ਅਤੇ ਖੁਦ ਮੁਖਤਿਆਰ ਰਾਜਾਂ (Both the Democratic Nation and the Despotic Ones) ਦੇ ਮਾਮਲਿਆਂ ਨੂੰ ਚਲਾ ਰਹੀ ਹੈ। ਰੋਮੀ ਕਲੀਸੀਯਾ ਹਰ ਦੇਸ਼ ਵਿੱਚ ਹੈ। ਇਹ ਸਭ ਇਹਦੇ ਵਿੱਚ ਮਿਲ ਚਕੇ ਹਨ

ਲੋਹ ਅਤੇ ਮਿਟੀ ਉੱਤੇ ਮੈਂ ਤੁਹਾਨੂੰ ਥੋੜਾ ਦੱਸਣਾ ਚਾਹੁੰਦਾ ਹਾਂ ਯਾਦ ਏ ਜਦੋਂ ਖਰੁਸ਼ਚ'ਵ (Khrushchev) ਨੇ ਆਪਣੀ ਜੁੱਤੀ ਯੂ. ਐਨ. ਦੀ ਮੇਜ਼ ਉੱਤੇ ਕੱਢ ਮਾਰੀ ਸੀ ? ਉਸ ਵੇਲੇ

ਉੱਥੇ ਪੰਜ ਪੂਰਬੀ ਕੌਮਾਂ ਅਤੇ ਪੰਜ ਪੱਛਮੀ ਕੌਮਾਂ ਸਨ। ਖਰੁਸ਼ਚੇਵ ਪੂਰਬੀ ਦੇਸ਼ਾਂ ਵੱਲੋਂ ਅਤੇ ਪ੍ਰੈਜ਼ੀਡੈਂਟ ਆਈਸਨਹੋਵਰ ਪੱਛਮ ਵੱਲੋਂ ਬੋਲਿਆ ਸੀ। ਰੂਸੀ ਭਾਸ਼ਾ ਵਿੱਚ ਖਰੁਸ਼ਚੇਵ ਮਿੱਟੀ ਹੈ ਅਤੇ ਆਈਸਨ ਹੋਵਰ ਲੋਹਾ ਹੈ। ਸੰਸਾਰ ਦੇ ਦੋ ਪ੍ਰਮੁੱਖ ਨੇਤਾ, ਲੋਹੇ ਅਤੇ ਮਿੱਟੀ ਦੇ ਦੋ ਵੱਡੇ ਪੈਰ, ਸਾਥ ਸਾਥ ਸਨ। ਅਸੀਂ ਇਸ ਸਭ ਕੁਝ ਦੇ ਅੰਤ ਵਿਚ ਹਾਂ।

ਆਇਤ 4 ਪੁੱਛਦੀ ਹੈ, "ਕੌਣ ਇਸ ਦਰਿੰਦੇ ਨਾਲ ਲੜ ਸਕਦਾ ਹੈ ?" ਸਾਡੇ ਇਹਨਾਂ ਦਿਨਾਂ ਵਿੱਚ ਸੰਸਾਰ ਵਿੱਚ ਕੁਝ ਮਹਾਨ ਨਾਮ ਹਨ। ਕੁਝ ਮਹਾਨ ਦੇਸ਼ (Nations) ਹਨ, ਪ੍ਰੰਤੂ ਠੀਕ ਐਸ ਵੇਲੇ ਰੋਮ ਆਪਣੀ ਸੁਰ ਵਜਾ ਰਿਹਾ ਹੈ। ਡਰਾਈਵਰ ਦੀ ਸੀਟ ਉੱਤੇ ਪੋਪ ਬੈਠਾ ਹੈ। ਅਤੇ ਉਹਦੀ ਤਾਕਤ ਵਧਣ ਲੱਗੀ ਹੈ। ਕੋਈ ਉਹਦੇ ਨਾਲ ਲੜ ਨਹੀਂ ਸਕੇਗਾ।

ਆਇਤ 6, "ਅਤੇ ਉਹਨੇ ਕੁਫ਼ਰ ਬਕਣ ਲਈ ਆਪਣਾ ਮੂੰਹ ਅੱਡਿਆ।" (ਸਿੱਖਿਆ ਲਈ ਮਨੁੱਖਾਂ ਦੇ ਹੁਕਮਾਂ ਦੀ ਤਾਲੀਮ, ਕਾਹਲੇ, ਘੁਮੰਡੀ, ਭੋਗ ਬਿਲਾਸ ਦੇ ਪ੍ਰੇਮੀ, ਭਗਤੀ ਦਾ ਰੂਪ ਧਾਰ ਕੇ ਵੀ ਉਹਦੀ ਸ਼ਕਤੀ ਦੇ ਇਨਕਾਰੀ) ਉਸ ਨੇ ਪਰਮੇਸ਼ੁਰ ਦੇ ਨਾਮ ਉਤੇ ਕੁਫ਼ਰ ਬਕਿਆ— ਨਾਮ ਨੂੰ ਖਿਤਾਬਾਂ ਵਿੱਚ ਬਦਲ ਮਾਰਿਆ ਅਤੇ ਸੱਚਿਆਈ ਮੰਨਣ ਤੋਂ ਇਨਕਾਰ ਕਰ ਦਿੱਤਾ।

ਆਇਤ 7, "ਅਤੇ ਉਹਨੂੰ ਇਹ ਦਿੱਤਾ ਗਿਆ ਭਈ ਸੰਤਾਂ ਨਾਲ ਜੁੱਧ ਕਰੇ।" ਅੱਤਿਆ-ਚਾਰ ਢਾਏ—ਸੱਚੇ ਨਿਹਚਾਵਾਨਾਂ ਨੂੰ ਮੌਤ ਦੇ ਘਾਟ ਉਤਾਰਨਾ ਅਤੇ ਸੱਭ ਕੁਝ ਪ੍ਰਭੂ ਦੇ ਨਾਮ ਉਤੇ ਭਈ ਪਰਮੇਸ਼ੁਰ ਦੇ ਨਾਮ ਉਤੇ ਕੁਫ਼ਰ ਬਕੈ। ਜਿਵੇਂ ਕਿ ਰੂਸ ਵਿੱਚ ਵੀ ਹੈ, ਕਾਰਣ ਜੋ ਕੈਥੋਲਿਕ ਧਰਮ ਨੇ ਉਥੇ ਕੀਤਾ ਸੀ।

ਆਇਤ 8, "ਅਤੇ ਧਰਤੀ ਦੇ ਸੱਭ ਵਾਸੀ (ਸਭ ਜਿਨ੍ਹਾਂ ਦੇ ਨਾਉਂ ਲੇਲੇ ਦ ਜੀਵਨ ਦੀ ਪੋਥੀ ਵਿੱਚ ਜਿਹੜੀ ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੋਹਿਆ ਗਿਆ, ਲਿਖੇ ਹੋਏ ਨਹੀਂ ਹਨ) ਮੱਥਾ ਟੇਕਣਗੇ।"

ਧੰਨਵਾਦ ਪਰਮੇਸ਼ੁਰ ਦਾ ਉਹਦੀ ਭੇਡ ਉਹਨੂੰ ਮੱਥਾ ਨਹੀਂ ਟੇਕੇਗੀ। ਸਭ ਲੋਕ ਸਵਾਏ ਚੁਣਿਆਂ ਹੋਇਆ ਦੇ ਧੋਖਾ ਖਾਣਗੇ। ਪਰੰਤੂ ਉਹ ਗੁਮਰਾਹ ਨਹੀਂ ਹੋਣਗੇ। ਇਸ ਲਈ ਜੋ ਉਹ ਚਰਵਾਹੇ ਦੀ ਅਵਾਜ਼ ਸੁਣਦੇ ਨੇ ਅਤੇ ਉਹਦੇ ਮਗਰ ਜਾਂਦੇ ਨੇ।

ਫਿਰ ਹੁਣ, ਇਹ ਵੇਖੋ, ਭਈ ਅਸੀਂ ਤੁਹਾਨੂੰ ਕੀ ਦਿਖਾਉਣ ਦਾ ਜਤਨ ਕਰਦੇ ਆਏ ਹਾਂ। ਇਹ ਮੌਤ ਦਾ ਬੀਜ ਜਿਹੜਾ ਪਹਿਲੇ ਜੁੱਗ ਵਿੱਚ ਸ਼ੁਰੂ ਹੋਇਆ—ਇਹ ਮਿਸ਼ਨ ਜਥੇਬੰਦੀ ਦਾ ਬੀਜ (Seed of Organization) ਓੜਕ ਨੂੰ ਇੱਕ ਰੁੱਖ (Tree) ਬਣ ਗਿਆ ਹੈ ਜਿਹਦੇ ਉਤੇ ਹਰੇਕ ਗੰਦੇ ਪੰਛੀ ਨੇ ਆ ਵਸੇਰਾ ਕੀਤਾ ਹੈ। ਦਾਹਵੇ ਤਾਂ ਉਹਦੇ ਇਹ ਹਨ ਕਿ ਉਹ ਜੀਵਨ ਦਾਤੀ ਹੈ ਪਰ ਹੈ ਉਹ ਮੌਤ ਦਾਤੀ। ਉਹਦਾ ਫਲ ਮੌਤ (Death) ਹੈ ਮੌਤ। ਜੋ ਉਹਦੇ ਸਾਂਝੀ ਹਨ ਉਹ ਮੁਰਦਾ ਹਨ। ਇਹ ਵੱਡਾ ਸੰਸਾਰੀ ਕਲੀਸੀਯਾਈ ਸਿਸਟਮ (World Church System) ਜਿਹੜਾ ਸੰਸਾਰ ਨੂੰ ਬੁੱਧੂ ਬਣਾਉਂਦਾ ਹੈ ਭਈ ਉਸੇ ਕੋਲ ਜਿਸਮਾਨੀ ਤੇ ਰੂਹਾਨੀ ਮੁਕਤੀ ਹੈ ਭੀੜਾਂ ਨੂੰ ਧੋਖਾ ਦੇ ਰਿਹਾ ਹੈ ਅਤੇ ਨਾਸ ਕਰ ਰਿਹਾ ਹੈ। ਇਸ ਨੇ ਕੇਵਲ ਮੌਤ ਦਾ ਬੁਰਕਾ ਹੀ ਨਹੀਂ ਪਹਿਨਿਆ ਹੋਇਆ, ਸਗੋਂ ਇਹ ਮੁਰਦਾ ਮੁਰਦਾਰ ਖੋਰ ਜੀਵ ਮੌਤ ਘਾਟ ਓਸ ਅੱਗ ਦੀ

ਝੀਲ ਵਿਚ ਉਤਾਰ ਦਿੱਤਾ ਜਾਵੇਗਾ। ਓਹ, ਕਾਸ਼ ਮਨੁਖ ਸਮਝ ਲੈਣ ਭਈ ਜੋ ਉਹ ਉਹਦੇ ਨਾਲ ਹੀ ਮਿਲੇ ਰਹੇ ਉਹਨਾਂ ਦਾ ਓੜਕ ਕੀ ਹੋਵੇਗਾ।

"ਉਹ ਚੋ ਵਿਚੋਂ ਨਿਕਲ ਆਓ, ਤੁਸੀਂ ਕਿਉਂ ਮਰੋ ?"

# ਅੰਤਿਮ ਚਿਤਾਵਨੀ

ਪਰਕਾਸ਼ ਪੋਥੀ 2:23, "ਅਤੇ ਮੈਂ ਉਹਦੇ ਬਾਲਕਾਂ ਨੂੰ ਮਾਰ ਸੁੱਟਾਂਗਾ ਅਤੇ ਸਾਰੀਆਂ ਕਲੀਸਿਯਾਂ ਜਾਣ ਲੈਣਗੀਆਂ ਜੋ ਗੁਰਦਿਆਂ ਅਤੇ ਹਿਰਦਿਆਂ ਦਾ ਜਾਚਣ ਵਾਲਾ ਮੈਂ ਹੀ ਹਾਂ, ਅਤੇ ਮੈਂ ਤੁਹਾਡੇ ਵਿਚੋਂ ਹਰੇਕ ਨੂੰ ਤੁਹਾਡੀਆਂ ਕਰਨੀਆਂ ਦੇ ਅਨੁਸਾਰ ਫਲ ਦਿਆਂਗਾ।"

ਪਰਮੇਸ਼ੁਰ ਦਿਲ ਨੂੰ ਵੇਖਦਾ ਹੈ। ਜਿਹੜੇ ਕਦੇ ਬਦਲਿਆ ਨਹੀਂ। ਨਾਂਹ ਹੀ ਇਹ ਕਦੇ ਬਦਲੇਗਾ। ਏਥੇ, ਸਾਰੇ ਜੁੱਗਾਂ ਚੋਂ ਦੀ ਦੋ ਗਰੁੱਪ ਚਲੇ ਆਏ ਹਨ, ਦੋਨ ਪਰਚਾਰ ਕਰਦ ਹਨ ਉਹਨਾਂ ਦਾ ਪਰਕਾਸ਼ ਪਰਮੇਸ਼ੁਰ ਵਲੋਂ ਹੈ ਅਤੇ ਉਨ੍ਹਾਂ ਦਾ ਪਰਮਸ਼ੁਰ ਨਾਲ ਨਾਤਾ ਹੈ। "ਫਿਰ ਵੀ ਪਰਮੇਸ਼ੁਰ ਦੀ ਧਰੀ ਹੋਈ ਪੱਕੀ ਨੀਂਹ ਅਟੱਲ ਹੈ ਜਿਹ ਦੇ ਉੱਤੇ ਇਹ ਮੋਹਰ ਹੈ ਭਈ ਪ੍ਰਭੁ ਆਪਣਿਆਂ ਨੂੰ ਜਾਣਦਾ ਹੈ।" 2 ਤਿਮੋਥੀ 2'19, "ਪ੍ਰਭੂ ਦਿਲਾਂ ਨੂੰ ਪਰਖਦਾ ਹੈ।" ਸ਼ਬਦ 'ਪਰਖਣ' ਦਾ ਅਰਥ ਹੈ 'ਖੋਜਣਾ' ਜਾਂ 'ਪਿੱਛਾ ਕਰਨਾ'। ਪਰਮੇਸ਼ਰ ਸਾਡ ਖਿਆਲਾਂ ਦੀਆਂ ਡੂੰਗਿਆਈਆਂ ਤੀਕੁਰ ਖੋਜਦਾ ਹੈ, ਉਹ ਜਾਣਦਾ ਹੈ ਭਈ ਸਾਡ ਦਿਲਾਂ ਅੰਦਰ ਕੀ ਹੈ। ਉਹ ਸਾਡੇ ਕਮਾਂ ਨੂੰ ਵੇਖਦਾ ਹੈ ਜੋ ਕਿ ਪੱਕਾ ਪਰਗਟਾਵਾ ਹਨ ਜੋ ਸਾਡੇ ਅਦਰ ਹੈ। ਦਿਲ ਵਿਚੋਂ ਹੀ ਜਾਂ ਤਾਂ ਧਰਮ ਨਿਕਲਦਾ ਹੈ ਜਾਂ ਫਿਰ ਕੁਧਰਮੀ ਸਾਡੇ ਇਰਾਦੇ, ਸਾਡੇ ਕੰਮ—ਸੱਭੇ ਉਸ ਨੂੰ ਮਾਲਮ ਨੇ ਅਤੇ ਹਰੇਕ ਬਚਨ, ਨਿਆਉਂ ਵਿਚ ਲਿਆਂਦੇ ਜਾਣਗੇ ਜਦ ਸਾਡੇ ਜੀਵਨਾਂ ਦਾ ਲੇਖਾ ਲਿਆ ਜਾਵੇਗਾ। ਝੂਠੀ ਬਲ ਦੇ ਸਾਹਮਣੇ ਪਰਮੇਸ਼ਰ ਦਾ ਕੋਈ ਭੈ ਨਹੀਂ ਸੀ ਅਤੇ ਉਹ ਭਾਰੀ ਕੀਮਤ ਚਕਾਉਣਗੇ। ਉਹ ਸਾਰੇ ਜਿਹੜੇ ਉਹਦੇ ਅਖਵਾਉਂਦੇ ਨੇ ਇੰਝ ਜੀਉਣ ਜਿਵੇਂ ਸੰਤ ਹੋਣ। ਅਸੀਂ ਲੋਕਾਂ ਨੂੰ ਤਾਂ ਮੂਰਖ ਬਣਾ ਸਕਦੇ ਹਾਂ ਪਰੰਤੂ ਪਰਮੇਸ਼ਰ ਨੂੰ ਕਦੇ ਮੂਰਖ ਨਹੀਂ ਬਣਾ ਸਕਦੇ।

*That Woman Jezebel*

This Message by Brother William Marrion Branham, is an excerpt of pages 226-239 from *An Exposition Of The Seven Church Ages,* and was originally printed in English and distributed on December 4, 1965. This Punjabi translation was printed in 1984 by:

SPOKEN WORD PUBLICATIONS
P.O. Box 888, Jeffersonville, Indiana, U.S.A. 47131

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings

P.O. Box 950, Jeffersonville, Indiana 47131 U.S.A.

www.branham.org